ਸਪੈਸ਼ਲ ਗੈਰੀ ਪੀਜ਼ਾ ਸਵਾਦਿਸ਼ਟ ਪਨੀਰ ਰੈਪ ਤੇ ਬਰਗਰ
GARY'S
ਤੇ ਐਕਸਟਰਾ ਲਾਰਜ ਪੀਜ਼ੇ ਤੇ ਆਫਰਾਂ
ANY 2 LARGE PIZZAS -£9.99
ANY 2 EX LARGE PIZZAS -£11.99
57 Western Road, Southall
020 8571 3311

PANJAB TIMES
# ਪੰਜਾਬ ਟਾਈਮਜ਼
ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ
Friday 12 May, 2023
Europe's Leading Panjabi Weekly Since 1965

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact: S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!
Tel: 020 8571 6680
India:+91-181 5086389

Panjab Times, Bridle Gate Lane, Derby, DE24 0QW (UK) • Tel: 01332 372851 or 07966 388388 • www.panjabtimes.uk • Email: panjabtimes@aol.com

## ਰਿਹਾਈ ਮਗਰੋਂ ਬੋਲੇ ਇਮਰਾਨ ਖ਼ਾਨ

# 'ਅੱਤਵਾਦੀਆਂ ਵਰਗਾ ਸਲੂਕ ਹੋਇਆ, ਮੈਨੂੰ ਡੰਡੇ ਮਾਰੇ ਗਏ'

ਪਾਕਿਸਤਾਨ 'ਚ ਪਹਿਲੀ ਵਾਰ ਸੁਪਰੀਮ ਕੋਰਟ ਦੇ ਸਾਹਮਣੇ ਫੌਜ ਅਤੇ ਸਰਕਾਰ ਦੀ ਹਾਰ ਹੋਈ ਹੈ।



ਪਾਕਿਸਤਾਨ ਦੀ ਸੁਪਰੀਮ ਕੋਰਟ ਨੇ ਇਮਰਾਨ ਖ਼ਾਨ ਦੀ ਗ੍ਰਿਫ਼ਤਾਰੀ ਨੂੰ ਗ਼ੈਰ-ਕਾਨੂੰਨੀ ਕਰਾਰ ਦਿੰਦਿਆਂ ਉਨ੍ਹਾਂ ਦੀ ਤੁਰੰਤ ਰਿਹਾਈ ਦਾ ਹੁਕਮ ਦਿੱਤਾ ਹੈ। ਇਸ ਦੇ ਨਾਲ ਹੀ ਸੁਪਰੀਮ ਕੋਰਟ ਨੇ ਕਿਹਾ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਨੂੰ ਇਨਸਾਫ਼ ਨਹੀਂ ਮਿਲਿਆ ਹੈ। ਸੁਣਵਾਈ ਦੌਰਾਨ ਅਦਾਲਤ ਦੇ ਸਾਹਮਣੇ ਇਮਰਾਨ ਖ਼ਾਨ ਦਾ ਦਰਦ ਵੀ ਛਲਕ ਪਿਆ। ਪਾਕਿਸਤਾਨੀ ਨਿਊਜ਼ ਚੈਨਲ ਮੁਤਾਬਕ ਇਮਰਾਨ ਨੇ ਦੱਸਿਆ ਕਿ ਉਨ੍ਹਾਂ ਨੂੰ ਅਗਵਾ ਕਰ ਲਿਆ ਗਿਆ ਅਤੇ ਡੰਡਿਆਂ ਨਾਲ ਕੁੱਟਿਆ ਗਿਆ ਅਤੇ ਉਨ੍ਹਾਂ ਨਾਲ ਅੱਤਵਾਦੀਆਂ ਵਾਂਗ ਵਤੀਰਾ ਕੀਤਾ ਗਿਆ। ਇਮਰਾਨ ਨੇ ਆਪਣੇ ਬਿਆਨ 'ਚ ਕਿਹਾ ਕਿ ਉਨ੍ਹਾਂ ਨੂੰ ਮੁਸੀਬਤ ਬਣਾਉਣ ਵਾਲਾ ਕਿਹਾ ਗਿਆ।

ਉਨ੍ਹਾਂ ਕਿਹਾ ਕਿ ਪੁਲਿਸ ਮੈਨੂੰ ਕਦੇ ਕਿਤੇ, ਕਦੇ ਦੂਜੀ ਥਾਂ 'ਤੇ ਲਿਜਾਂਦੀ ਸੀ। ਅਸੀਂ ਦੇਸ਼ ਵਿੱਚ ਸਿਰਫ਼ ਚੋਣ ਚਾਹੁੰਦੇ ਹਾਂ, ਮੈਂ ਦੇਸ਼ ਵਿੱਚ ਦੰਗਾ ਨਹੀਂ, ਸਗੋਂ ਚੋਣ ਚਾਹੁੰਦੇ ਹਾਂ। ਪੇਸ਼ੀ ਦੌਰਾਨ ਇਮਰਾਨ ਖਾਨ ਨੇ ਸਮਰਥਕਾਂ ਵੱਲੋਂ ਕੀਤੀ ਗਈ ਹਿੰਸਾ ਨੂੰ ਲੈ ਕੇ ਸੁਪਰੀਮ ਕੋਰਟ ਤੋਂ ਮਾਫੀ ਵੀ ਮੰਗੀ। ਇਮਰਾਨ ਖਾਨ ਅੱਜ ਪੁਲਿਸ ਲਾਈਨ ਦੇ ਗੈਸਟ ਹਾਊਸ ਵਿੱਚ ਰਹਿਣਗੇ। ਕੋਰਟ ਨੇ ਇਮਰਾਨ ਨੂੰ ਪਰਿਵਾਰ ਨੂੰ ਮਿਲਣ ਦੀ ਇਜਾਜ਼ਤ ਵੀ ਦੇ ਦਿੱਤੀ ਹੈ।

## ਅਮਰੀਕਾ 'ਚ ਨਸਲਵਾਦ ਨੂੰ ਰੋਕਣ ਲਈ ਵੱਡੀ ਕਵਾਇਦ, ਜਾਤੀ ਵਿਤਕਰੇ ਵਿਰੁੱਧ ਕੈਲੀਫੋਰਨੀਆ ਸੈਨੇਟ ਵਿੱਚ ਬਿੱਲ ਪਾਸ




ਭਾਰਤੀ-ਅਮਰੀਕੀ ਕਾਰੋਬਾਰ ਅਤੇ ਮੰਦਰ ਸੰਗਠਨਾਂ ਦੇ ਸਖ਼ਤ ਵਿਰੋਧ ਦੇ ਵਿਚਕਾਰ ਕੈਲੀਫੋਰਨੀਆ ਵਿੱਚ ਜਾਤੀ ਵਿਤਕਰੇ 'ਤੇ ਪਾਬੰਦੀ ਲਗਾਉਣ ਵਾਲਾ ਇੱਕ ਬਿੱਲ ਪਾਸ ਕੀਤਾ ਗਿਆ ਹੈ। ਇਸ ਦੇ ਨਾਲ ਹੀ ਕੈਲੀਫੋਰਨੀਆ, ਅਜਿਹਾ ਕਰਨ ਵਾਲਾ ਪਹਿਲਾ ਅਮਰੀਕੀ ਰਾਜ ਬਣ ਗਿਆ ਹੈ। ਕੈਲੀਫੋਰਨੀਆ ਸਟੇਟ ਸੈਨੇਟ ਨੇ ਰਾਜ ਵਿੱਚ ਨਸਲੀ ਵਿਤਕਰੇ 'ਤੇ ਪਾਬੰਦੀ ਲਗਾਉਣ ਵਾਲੇ ਬਿੱਲ ਨੂੰ ਮਨਜ਼ੂਰੀ ਦੇ ਦਿੱਤੀ ਹੈ। ਨਸਲਵਾਦ ਵਿਰੋਧੀ ਐਕਟ ਨੂੰ ਰਾਜ ਦੀ ਸੈਨੇਟ ਵਿੱਚ 34-1 ਵੋਟਾਂ ਨਾਲ ਪਾਸ ਕੀਤਾ ਗਿਆ।

**ਰਾਜਪਾਲ ਦੇ ਦਸਤਖਤ ਤੋਂ ਬਾਅਦ ਬਣ ਜਾਵੇਗਾ ਕਾਨੂੰਨ**

ਕੈਲੀਫੋਰਨੀਆ ਰਾਜ ਦੀ ਸੈਨੇਟ ਨੇ ਸੈਨੇਟਰ ਆਇਸ਼ਾ ਵਹਾਬ ਵਲੋਂ ਪੇਸ਼ ਕੀਤਾ ਗਿਆ ਇੱਕ ਜਾਤੀ-ਵਿਰੋਧੀ ਬਿੱਲ SB 403 ਪਾਸ ਕਰ ਦਿੱਤਾ ਹੈ। ਸਦਨ 'ਚ ਹੋਈ ਵੋਟਿੰਗ 'ਚ ਬਿੱਲ ਦੇ ਪੱਖ 'ਚ 34 ਵੋਟਾਂ ਪਈਆਂ ਤੇ ਬਿੱਲ ਦੇ ਵਿਰੋਧ 'ਚ ਸਿਰਫ ਇੱਕ ਵੋਟ ਪਈ। ਹੁਣ ਬਿੱਲ ਵਿਧਾਨ ਸਭਾ 'ਚ ਪੇਸ਼ ਕੀਤਾ ਜਾਵੇਗਾ ਤੇ ਫਿਰ ਰਾਜਪਾਲ ਦੇ ਦਸਤਖਤ ਤੋਂ ਬਾਅਦ ਇਹ ਕਾਨੂੰਨ ਬਣ ਜਾਵੇਗਾ।

## ਸ੍ਰੀ ਦਰਬਾਰ ਸਾਹਿਬ ਦੇ ਚਾਰੇ ਦਰਵਾਜ਼ਿਆਂ 'ਤੇ ਲੱਗਣਗੇ ਮੈਟਲ ਡਿਟੈਕਟਰ: SGPC ਸਕੱਤਰ ਪ੍ਰਤਾਪ ਸਿੰਘ



ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਨਜ਼ਦੀਕ ਬਣੀ ਸ੍ਰੀ ਗੁਰੂ ਰਾਮਦਾਸ ਸਰਾਂ ਦੇ ਪਿਛਲੇ ਪਾਸੇ ਹੋਏ ਹਮਲੇ ਤੋਂ ਬਾਅਦ ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੱਚਖੰਡ ਸ੍ਰੀ ਦਰਬਾਰ ਸਾਹਿਬ ਆਉਣ ਵਾਲੇ ਸ਼ਰਧਾਲੂਆਂ ਦੀ ਬਰੀਕੀ ਨਾਲ ਚੈਕਿੰਗ ਕੀਤੀ ਜਾ ਰਹੀ ਹੈ ਤਾਂ ਜੋ ਕਿ ਕਿਸੇ ਵੀ ਅਣਸੁਖਾਵੀਂ ਘਟਨਾ ਤੋਂ ਬਚਿਆ ਜਾ ਸਕੇ।

ਉੱਥੇ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਪਰਤਾਪ ਸਿੰਘ ਵੱਲੋਂ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਹੁਣ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਚਾਰੇ ਦਰਵਾਜ਼ੇ ਉੱਪਰ ਮੈਟਲ ਡਿਟੈਕਟਰ ਲਗਾਏ ਜਾ ਸਕਦੇ ਹਨ, ਜਿਸ ਨਾਲ ਗ਼ਲਤ ਅਨਸਰਾਂ ਦੇ ਉੱਤੇ ਕਾਬੂ ਪਾਇਆ ਜਾ ਸਕੇ।

## ਅਮਰੀਕਾ ਵਿਚ ਜਬਰਜਿਨਾਹ ਦੇ ਮਾਮਲੇ ਵਿਚ 29 ਸਾਲ ਜੇਲ ਕੱਟਣ ਉਪਰੰਤ ਇਕ ਵਿਅਕਤੀ ਨੂੰ ਨਿਰਦੋਸ਼ ਐਲਾਨਿਆ,ਹੋਈ ਰਿਹਾਈ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ) - ਅਮਰੀਕਾ ਦੇ ਲੋਇਸੀਆਨਾ ਰਾਜ ਵਿਚ ਨਿਊ ਓਰਲੀਨਜ ਸ਼ਹਿਰ ਦੇ ਵਸਨੀਕ ਇਕ ਵਿਅਕਤੀ ਨੂੰ ਜਬਰਜਿਨਾਹ ਦੇ ਮਾਮਲੇ ਵਿਚ 29 ਸਾਲ ਕੈਦ ਕੱਟਣ ਉਪਰੰਤ ਨਿਰਦੋਸ਼ ਕਰਾਰ ਦੇ ਕੇ ਰਿਹਾਅ ਕਰਨ ਦੀ ਖਬਰ ਹੈ। ਪੈਟਰਿਕ ਬਰਾਊਨ ਨਾਮੀ ਵਿਅਕਤੀ ਨੂੰ 1994 ਵਿਚ ਮਤਰੇਈ ਧੀ ਨਾਲ ਜਬਰਜਿਨਾਹ ਕਰਨ ਦੇ ਮਾਮਲੇ ਵਿਚ ਦੋਸ਼ੀ ਕਰਾਰ ਦਿੱਤਾ ਗਿਆ ਸੀ ਜਦ ਕਿ ਪੈਟਰਿਕ ਨੇ ਆਪਣੇ ਆਪ ਨੂੰ ਨਿਰਦੋਸ਼ ਦੱਸਿਆ ਸੀ ਤੇ ਕਿਹਾ ਸੀ ਕਿ ਉਸ ਨੂੰ ਫਸਾਇਆ ਗਿਆ ਹੈ। ਓਰਲੀਨਜ ਡਿਸਟ੍ਰਿਕਟ ਅਟਾਰਨੀ ਦੇ ਦਫਤਰ ਵੱਲੋਂ ਜਾਰੀ ਬਿਆਨ ਅਨੁਸਾਰ ਉਸ ਸਮੇ ਬੱਚੀ ਦੀ ਅਦਾਲਤ ਵਿਚ ਗਵਾਹੀ ਨਹੀਂ ਹੋਈ ਸੀ ਬਲਕਿ ਉਸ ਦੀ ਤਰਫੋਂ ਕੁਝ ਹੋਰ ਲੋਕਾਂ ਨੇ ਗਵਾਹੀ ਦਿੱਤੀ ਸੀ। 2002 ਤੋਂ ਬਾਅਦ ਬੱਚੀ ਨੇ ਡਿਸਟ੍ਰਿਕਟ ਅਟਾਰਨੀ ਦੇ ਦਫਤਰ ਨੂੰ ਵਾਰ-ਵਾਰ ਬੇਨਤੀ ਕੀਤੀ ਕਿ ਮਾਮਲੇ ਦੀ



ਦੁਬਾਰਾ ਜਾਂਚ ਕੀਤੀ ਜਾਵੇ ਤੇ ਅਸਲ ਦੋਸ਼ੀ ਨੂੰ ਸਜ਼ਾ ਦਿੱਤੀ ਜਾਵੇ। ਡਿਸਟ੍ਰਿਕਟ ਅਟਾਰਨੀ ਦੇ ਦਫਤਰ ਦੀ ਮਨੁੱਖੀ ਹੱਕਾਂ ਬਾਰੇ ਇਕਾਈ ਨੇ ਮਾਮਲੇ ਦੀ ਨਵੇਂ ਸਿਰੇ ਤੋਂ ਜਾਂਚ ਉਪਰੰਤ ਸਿੱਟਾ ਕੱਢਿਆ ਕਿ ਪੈਟਰਿਕ ਵਿਰੁੱਧ ਸਬੂਤ ਮੰਨਘੜਤ ਹਨ। ਉਸ ਨੇ ਅਦਾਲਤ ਨੂੰ ਬੇਨਤੀ ਕੀਤੀ ਕਿ ਫੈਸਲੇ ਨੂੰ ਸੋਧਿਆ ਜਾਵੇ। ਕ੍ਰਿਮੀਨਲ ਡਿਸਟ੍ਰਿਕਟ ਕੋਰਟ ਦੇ ਜੱਜ ਕੈਲਵਿਨ ਜੌਹਨਸਨ ਵੱਲੋਂ ਸਜ਼ਾ ਰੱਦ ਕਰਨ ਦਾ ਫੈਸਲਾ ਸੁਣਾਉਣ ਉਪਰੰਤ ਬਰਾਊਨ ਨੂੰ ਤੁਰੰਤ ਰਿਹਾਅ ਕਰ ਦਿੱਤਾ ਗਿਆ। ਬਿਆਨ ਅਨੁਸਾਰ ਅਦਾਲਤ ਵਿਚ ਪੀੜਤ ਬੱਚੀ ਮੌਜੂਦ ਸੀ ਤੇ ਉਸ ਨੇ ਆਪਣਾ ਬਿਆਨ ਦਰਜ ਕਰਵਾਇਆ ਹੈ।

# ਮਨੁੱਖੀ ਤਸਕਰੀ ਤੇ ਕਾਲੇ ਧਨ ਨੂੰ ਹੋਰਨਾਂ ਮੁਲਕਾਂ 'ਚ ਲਿਜਾਣ ਦੇ ਮਾਮਲੇ 'ਚ 16 ਦਬੋਚੇ

## 11 ਸਤੰਬਰ ਤੋਂ ਸ਼ੁਰੂ ਹੋਣ ਵਾਲੀ ਸੁਣਵਾਈ ਵਿੱਚ ਸੁਣਾਈ ਜਾਵੇਗੀ ਸਜ਼ਾ

ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ): ਬਰਤਾਨੀਆ ਦੀ ਨੈਸ਼ਨਲ ਕ੍ਰਾਈਮ ਏਜੰਸੀ (ਐਨ.ਸੀ.ਏ.) ਨੇ ਮਨੁੱਖੀ ਤਸਕਰੀ ਦੇ ਮਾਮਲੇ ਵਿੱਚ ਸ਼ਾਮਲ ਪੱਛਮੀ ਲੰਡਨ ਦੇ ਗਿਰੋਹ ਨੂੰ ਇੱਕ ਵੱਡੀ ਜਾਂਚ ਤੋਂ ਬਾਅਦ ਕਈ ਮਰਦਾਂ ਅਤੇ ਔਰਤਾਂ ਸਮੇਤ 16 ਲੋਕਾਂ ਨੂੰ ਦੋਸ਼ੀ ਠਹਿਰਾਇਆ ਹੈ। ਗਿਰੋਹ ਦੇ ਮੈਂਬਰਾਂ ਨੇ 2017 ਅਤੇ 2019 ਦੇ ਵਿਚਕਾਰ ਦੁਬਈ ਅਤੇ ਯੂਏਈ ਦੇ 58 ਚੱਕਰ ਲਗਾਏ ਅਤੇ ਯੂਕੇ ਤੋਂ 42 ਮਿਲੀਅਨ ਪੌਂਡ ਤੋਂ ਵੱਧ ਦੀ ਨਕਦੀ ਦੀ ਤਸਕਰੀ ਕੀਤੀ। ਐਨਸੀਏ ਦੀ ਜਾਂਚ ਦੇ ਅਨੁਸਾਰ ਇਹ ਰਾਸ਼ੀ ਕਲਾਸ ਏ ਡਰੱਗਜ਼ ਦੀ ਵਿਕਰੀ ਅਤੇ ਮਨੁੱਖੀ ਤਸਕਰੀ ਰਾਹੀਂ ਕਮਾਈ ਗਈ ਸੀ। ਯੂਕੇ ਛੱਡਣ ਵਾਲੇ ਗਿਰੋਹ ਤੋਂ ਲਗਭਗ ਡੇਢ ਮਿਲੀਅਨ ਪੌਂਡ ਜ਼ਬਤ ਕੀਤੇ ਗਏ ਸਨ।

**ਦੋਸ਼ੀਆਂ ਦਾ ਵੇਰਵਾ :** ਨਵੰਬਰ 2019 ਵਿੱਚ ਨਿਗਰਾਨੀ, ਸੰਚਾਰ ਅਤੇ ਫਲਾਈਟ ਡੇਟਾ ਵਿਸ਼ਲੇਸ਼ਣ ਦੇ ਹਫ਼ਤਿਆਂ ਤੋਂ ਬਾਅਦ ਅਧਿਕਾਰੀ ਗ੍ਰਿਫ਼ਤਾਰੀਆਂ ਕਰਨ ਲਈ ਅੱਗੇ ਵਧੇ ਅਤੇ ਜਿਨ੍ਹਾਂ ਲੋਕਾਂ 'ਤੇ ਦੋਸ਼ ਲਗਾਏ ਗਏ ਸਨ, ਉਨ੍ਹਾਂ 'ਤੇ ਜਨਵਰੀ 2023 ਤੋਂ ਸ਼ੁਰੂ ਹੋਣ ਵਾਲੇ ਕ੍ਰੋਏਡਨ ਕਰਾਊਨ ਕੋਰਟ ਵਿੱਚ ਦੋ ਟਰਾਇਲਾਂ ਵਿੱਚ ਮੁਕੱਦਮਾ ਚਲਾਇਆ ਗਿਆ ਸੀ। ਗੈਂਗ ਦਾ ਸਰਗਨਾ ਚਰਨ ਸਿੰਘ (44) ਹੌਂਸਲੋ ਤੋਂ, ਪੱਛਮੀ ਲੰਡਨ ਵਿੱਚ ਤੜਕੇ ਛਾਪੇਮਾਰੀ ਦੀ ਇੱਕ ਲੜੀ ਵਿੱਚ ਹਿਰਾਸਤ ਵਿੱਚ ਲਏ ਗਏ ਲੋਕਾਂ ਵਿੱਚ ਸ਼ਾਮਲ ਸੀ। ਸਿੰਘ ਦੇ ਨਾਲ, ਵਲਜੀਤ ਸਿੰਘ, ਜਸਬੀਰ ਸਿੰਘ ਕਪੂਰ, ਜਸਬੀਰ ਸਿੰਘ ਢੱਲ ਨੂੰ ਅਪਰਾਧਿਕ ਜਾਇਦਾਦ ਜਾਂ ਮਨੀ ਲਾਂਡਰਿੰਗ ਨੂੰ ਹਟਾਉਣ ਦੀ ਸਾਜ਼ਿਸ਼ ਰਚਣ ਦਾ ਦੋਸ਼ੀ ਪਾਇਆ ਗਿਆ। ਸਵੰਦਰ ਸਿੰਘ ਢੱਲ ਨੂੰ ਅਪਰਾਧਿਕ ਜਾਇਦਾਦ



ਨੂੰ ਹਟਾਉਣ ਦੀ ਸਾਜ਼ਿਸ਼ ਰਚਣ ਅਤੇ ਇਮੀਗ੍ਰੇਸ਼ਨ ਕਾਨੂੰਨ ਦੀ ਉਲੰਘਣਾ ਕਰਨ ਦੀ ਸਾਜ਼ਿਸ਼ ਰਚਣ ਦਾ ਦੋਸ਼ੀ ਪਾਇਆ ਗਿਆ ਸੀ ਅਤੇ ਦਿਲਜਾਨ ਸਿੰਘ ਮਲਹੋਤਰਾ ਨੂੰ ਇਮੀਗ੍ਰੇਸ਼ਨ ਕਾਨੂੰਨ ਦੀ ਉਲੰਘਣਾ ਦੀ ਸਹੂਲਤ ਦੇਣ ਦੀ ਸਾਜ਼ਿਸ਼ ਰਚਣ ਦਾ ਦੋਸ਼ੀ ਪਾਇਆ ਗਿਆ। ਅਮਰਜੀਤ ਅਲਾਬਦੀਆਂ, ਜਗਿੰਦਰ ਕਪੂਰ, ਜੈਕਦਾਰ ਕਪੂਰ, ਮਨਮੋਨ ਸਿੰਘ ਕਪੂਰ, ਪਿੰਕੀ ਕਪੂਰ ਅਤੇ ਜਸਬੀਰ ਸਿੰਘ ਮਲਹੋਤਰਾ ਨੂੰ ਅਪਰਾਧਿਕ ਜਾਇਦਾਦ ਹਟਾਉਣ ਦਾ ਦੋਸ਼ੀ ਠਹਿਰਾਇਆ ਗਿਆ ਸੀ। ਦੋਸ਼ੀ ਠਹਿਰਾਏ ਗਏ ਸਾਰੇ 16 ਵਿਅਕਤੀਆਂ ਨੂੰ 11 ਸਤੰਬਰ, 2023 ਤੋਂ ਸ਼ੁਰੂ ਹੋਣ ਵਾਲੀ ਸੁਣਵਾਈ ਵਿੱਚ ਸਜ਼ਾ ਸੁਣਾਈ ਜਾਣੀ ਹੈ, ਜਿਸ ਵਿੱਚ ਦੋ ਵਿਅਕਤੀ ਵੀ ਸ਼ਾਮਲ ਹਨ ਜਿਨ੍ਹਾਂ ਨੇ ਦੋ ਮੁਕੱਦਮਿਆਂ ਤੋਂ ਪਹਿਲਾਂ ਮਨੀ ਲਾਂਡਰਿੰਗ ਦੇ ਅਪਰਾਧਾਂ ਲਈ ਦੋਸ਼ੀ ਪਟੀਸ਼ਨਾਂ ਦਾਖਲ ਕੀਤੀਆਂ ਸਨ। ਜਾਂਚ ਦੇ ਹਿੱਸੇ ਵਜੋਂ ਐਨਸੀਏ ਅਫਸਰਾਂ ਨੇ ਇਸ ਗਿਰੋਹ ਦੇ ਮੈਂਬਰਾਂ ਦੀ ਇੱਕ ਸਾਜ਼ਿਸ਼ ਦਾ ਵੀ ਪਰਦਾਫਾਸ਼ ਕੀਤਾ, ਜਿਸ ਵਿੱਚ ਪੰਜ ਬੱਚਿਆਂ ਅਤੇ ਇੱਕ ਗਰਭਵਤੀ ਔਰਤ ਸਮੇਤ 17 ਪ੍ਰਵਾਸੀਆਂ ਨੂੰ 2019 ਵਿੱਚ ਟਾਇਰ ਲੈ ਕੇ ਜਾਣ ਵਾਲੀ ਇੱਕ ਵੈਨ ਦੇ ਪਿੱਛੇ ਯੂਕੇ ਵਿੱਚ ਤਸਕਰੀ ਕਰਕੇ ਲਿਆਂਦਾ ਜਾ ਰਿਹਾ ਸੀ। ਇਸ ਤੋਂ ਪਹਿਲਾਂ ਕਿ ਇਹ ਵੈਨ ਹੌਲੈਂਡ ਦੇ ਹੁੱਕ 'ਤੇ ਇੱਕ ਕਿਸ਼ਤੀ ਤੱਕ ਪਹੁੰਚਦੀ, ਵੈਨ ਨੂੰ ਡੱਚ ਪੁਲਸ ਦੁਆਰਾ ਰੋਕ ਲਿਆ ਗਿਆ ਸੀ।

# ਸਿੱਖ ਨੌਜੁਆਨ ਦੀ ਹਤਿਆ ਦੇ ਮਾਮਲੇ 'ਚ ਦੋ ਲੜਕਿਆਂ ਨੂੰ ਉਮਰ ਕੈਦ

ਲੰਡਨ: ਬ੍ਰਿਟੇਨ ਦੀ ਇਕ ਅਦਾਲਤ ਨੇ ਲੰਡਨ ਵਿਚ ਇਕ 16 ਸਾਲਾ ਅਫ਼ਗਾਨ ਸਿੱਖ ਦੇ ਕਤਲ ਮਾਮਲੇ ਵਿਚ ਦੋ ਨੌਜੁਆਨਾਂ ਨੂੰ ਦੋਸ਼ੀ ਠਹਿਰਾਇਆ ਅਤੇ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਉਨ੍ਹਾਂ ਨੇ ਸਿੱਖ ਨੌਜੁਆਨ ਨੂੰ ਗਲਤੀ ਨਾਲ ਪਛਮੀ ਲੰਡਨ ਵਿਚ ਵਿਰੋਧੀ ਗਰੋਹ ਨਾਲ ਸਬੰਧਤ ਸਮਝ ਲਿਆ ਸੀ। ਹਿਲਿੰਗਡਨ ਦੇ ਰਹਿਣ ਵਾਲੇ 18 ਸਾਲਾ ਵਨੁਸ਼ਾਨ ਬਾਲਾਕ੍ਰਿਸ਼ਨਨ



ਅਤੇ ਇਲਿਆਸ ਸੁਲੇਮਾਨ ਨੂੰ ਓਲਡ ਬੇਲੀ ਵਿਖੇ ਮੁਕੱਦਮੇ ਤੋਂ ਬਾਅਦ ਮਾਰਚ ਵਿਚ ਰਿਸ਼ਮੀਤ ਸਿੰਘ ਦੀ ਹਤਿਆ ਦਾ ਦੋਸ਼ੀ ਕਰਾਰ ਦਿਤਾ ਗਿਆ। ਅਦਾਲਤ ਵਿਚ ਕੇਸ ਦੀ ਸੁਣਵਾਈ ਕਰਨ ਵਾਲੀ ਜੱਜ ਸਾਰਾਹ ਮੁਨਰੋ ਨੇ ਕੇਸ ਨੂੰ ਦੁਖਦਾਈ ਦਸਿਆ ਅਤੇ ਬਾਲਕ੍ਰਿਸ਼ਨਨ ਨੂੰ ਘੱਟੋ-ਘੱਟ 24 ਸਾਲ ਅਤੇ ਸੁਲੇਮਾਨ ਨੂੰ ਘੱਟੋ-ਘੱਟ 21 ਸਾਲ ਦੀ ਸਜ਼ਾ ਸੁਣਾਈ। ਜੱਜ ਨੇ ਕਿਹਾ, ਇਹ ਮਾਮਲਾ ਹੋਰ ਵੀ ਦੁਖਦਾਈ ਹੈ ਕਿਉਂਕਿ ਰਿਸ਼ਮੀਤ ਪੂਰੀ ਤਰ੍ਹਾਂ ਬੇਕਸੂਰ ਸੀ। ਸੁਣਵਾਈ ਦੌਰਾਨ ਇਹ ਸਾਹਮਣੇ ਆਇਆ ਕਿ ਰਿਸ਼ਮੀਤ ਸਿੰਘ ਅਕਤੂਬਰ 2019 ਵਿਚ ਅਪਣੀ ਮਾਂ ਅਤੇ ਦਾਦੀ ਨਾਲ ਅਫ਼ਗਾਨਿਸਤਾਨ ਦੇ ਜਲਾਲਾਬਾਦ ਤੋਂ ਸ਼ਰਣ ਲੈਣ ਲਈ ਬ੍ਰਿਟੇਨ ਆਇਆ ਸੀ। ਪੁਲਿਸ ਨੇ ਦਸਿਆ ਕਿ ਦੋਵਾਂ ਨੌਜਵਾਨਾਂ ਨੇ ਰਿਸ਼ਮੀਤ ਸਿੰਘ ਨੂੰ 15 ਵਾਰ ਚਾਕੂ ਮਾਰਿਆ ਸੀ।

# ਹੁਣ ਟਵਿਟਰ 'ਤੇ ਹੋਵੇਗੀ ਚੈਟਿੰਗ ਅਤੇ ਵੀਡੀਓ ਕਾਲਿੰਗ

ਨਵੀਂ ਦਿੱਲੀ : ਅਮਰੀਕੀ ਉਦਯੋਗਪਤੀ ਐਲੋਨ ਮਸਕ ਨੇ ਬੁੱਧਵਾਰ ਨੂੰ ਐਲਾਨ ਕੀਤਾ ਕਿ ਟਵਿਟਰ ਐਪ 'ਚ ਜਲਦ ਹੀ ਵਾਇਸ ਅਤੇ ਵੀਡੀਓ ਕਾਲ ਦੀ ਸਹੂਲਤ ਹੋਵੇਗੀ। ਜਿਸ ਨਾਲ ਪਲੇਟਫਾਰਮ ਦੇ ਯੂਜ਼ਰਸ ਫੋਨ ਨੰਬਰ ਦਿਤੇ ਬਿਨ੍ਹਾਂ ਕਿਤੇ ਵੀ ਲੋਕਾਂ ਨਾਲ ਸੰਪਰਕ ਕਰ ਸਕਣਗੇ।

ਮਸਕ ਨੇ ਟਵੀਟ ਕੀਤਾ, ਜਲਦੀ ਹੀ ਤੁਹਾਡੇ ਹੈਂਡਲ 'ਤੇ ਇਸ ਪਲੇਟਫਾਰਮ 'ਤੇ ਕਿਸੇ ਨਾਲ ਵੀ ਵਾਇਸ ਅਤੇ ਵੀਡੀਓ ਕਾਲ ਹੋਵੇਗੀ, ਤਾਂ ਜੋ ਤੁਸੀਂ ਆਪਣਾ ਫ਼ੋਨ ਨੰਬਰ ਦਿਤੇ ਬਿਨ੍ਹਾਂ ਦੁਨੀਆਂ ਵਿਚ ਕਿਤੇ ਵੀ ਲੋਕਾਂ ਨਾਲ ਗੱਲ ਕਰ ਸਕੋ।

ਮਾਈਕ੍ਰੋ ਬਲੌਗਿੰਗ ਪਲੇਟਫਾਰਮ ਟਵਿਟਰ ਦੇ ਸੀਈਓ ਅਤੇ



ਕਾਰੋਬਾਰੀ ਐਲੋਨ ਮਸਕ ਨੇ ਖੁਦ ਇਸ ਬਾਰੇ ਟਵੀਟ ਕੀਤਾ। ਮਸਕ ਨੇ ਪਲੇਟਫਾਰਮ 'ਤੇ ਇਨਕਮਿੰਗ ਕਾਲਾਂ ਅਤੇ ਐਨਕ੍ਰਿਪਟਡ ਮੈਸੇਜਿੰਗ ਸਮੇਤ ਨਵੀਆਂ ਵਿਸ਼ੇਸ਼ਤਾਵਾਂ ਬਾਰੇ ਟਵੀਟ ਕੀਤਾ ਹੈ। ਦਸ ਦੇਈਏ ਕਿ ਮਸਕ ਨੇ ਅਕਤੂਬਰ 2022 'ਚ 44 ਅਰਬ ਡਾਲਰ 'ਚ ਟਵਿਟਰ ਨੂੰ ਖਰੀਦਿਆ ਸੀ। ਟਵਿਟਰ ਦੀ ਸਥਾਪਨਾ 2006 ਵਿਚ ਕੀਤੀ ਗਈ ਸੀ ਅਤੇ ਇਸ ਦਾ ਮੁੱਖ ਦਫਤਰ ਸੈਨ ਫਰਾਂਸਿਸਕੋ, ਕੈਲੀਫੋਰਨੀਆ ਵਿਚ ਹੈ। ਇਸ ਤੋਂ ਬਾਅਦ ਮਸਕ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਆਪਣੀ ਨੀਤੀ ਬਦਲ ਦਿਤੀ, ਜਿਸ ਕਾਰਨ ਉਹ ਕਈ ਵਿਵਾਦਾਂ 'ਚ ਘਿਰੇ ਰਹੇ।

# ਅਗਲੇ ਮਹੀਨੇ ਅਮਰੀਕਾ ਦੌਰੇ ਤੇ ਜਾਣਗੇ ਪ੍ਰਧਾਨ ਮੰਤਰੀ ਨਰਿੰਦਰ



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਰਾਸ਼ਟਰਪਤੀ ਜੋਅ ਬਿਡੇਨ ਅਤੇ ਪਹਿਲੀ ਮਹਿਲਾ ਜਿਲ ਬਿਡੇਨ ਦੇ ਸੱਦੇ 'ਤੇ ਅਗਲੇ ਮਹੀਨੇ ਅਮਰੀਕਾ ਦੇ ਅਧਿਕਾਰਤ ਦੌਰੇ 'ਤੇ ਜਾਣਗੇ। ਵਿਦੇਸ਼ ਮੰਤਰਾਲੇ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ।

ਮੰਤਰਾਲੇ ਦੇ ਬਿਆਨ ਅਨੁਸਾਰ, ਪ੍ਰਧਾਨ ਮੰਤਰੀ ਮੋਦੀ ਦੀ ਆਉਣ ਵਾਲੀ ਅਮਰੀਕਾ ਯਾਤਰਾ ਦੁਵੱਲੇ ਰਣਨੀਤਕ ਸਬੰਧਾਂ ਦੇ ਵਧਦੇ ਮਹੱਤਵ ਅਤੇ ਖੁੱਲ੍ਹੇ ਅਤੇ ਮੁਕਤ ਹਿੰਦ-ਪ੍ਰਸ਼ਾਂਤ 'ਤੇ ਦੋਵਾਂ ਧਿਰਾਂ ਦੇ ਵਿਚਾਰਾਂ ਨੂੰ ਦਰਸਾਉਂਦੀ ਹੈ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ 22 ਜੂਨ ਨੂੰ ਪੀਐਮ ਮੋਦੀ ਲਈ ਇੱਕ ਸਰਕਾਰੀ ਦਾਅਵਤ ਦਾ ਆਯੋਜਨ ਕੀਤਾ ਜਾਵੇਗਾ। ਵਿਦੇਸ਼ ਮੰਤਰਾਲੇ ਦੇ ਬਿਆਨ ਵਿੱਚ ਕਿਹਾ ਗਿਆ ਹੈ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਗਲੇ ਮਹੀਨੇ ਅਮਰੀਕਾ ਦਾ ਅਧਿਕਾਰਤ ਦੌਰਾ ਕਰਨਗੇ, ਜਿਸ ਵਿੱਚ 22 ਜੂਨ 2023 ਨੂੰ ਰਾਜ ਦਾਅਵਤ ਪ੍ਰੋਗਰਾਮ ਸ਼ਾਮਲ ਹੈ। ਉਨ੍ਹਾਂ ਦਾ ਇਹ ਦੌਰਾ ਅਮਰੀਕੀ ਰਾਸ਼ਟਰਪਤੀ ਜੋਅ ਬਿਡੇਨ ਅਤੇ ਫਸਟ ਲੇਡੀ ਜਿਲ ਬਿਡੇਨ ਦੇ ਸੱਦੇ 'ਤੇ ਹੋ ਰਿਹਾ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਪੀਐਮ ਮੋਦੀ ਦੀ ਇਹ ਯਾਤਰਾ ਦੋਵਾਂ ਦੇਸ਼ਾਂ ਦੇ ਸਮੁੱਚੇ ਅਤੇ ਪ੍ਰਗਤੀਸ਼ੀਲ ਗਲੋਬਲ ਰਣਨੀਤਕ ਗੱਠਜੋੜ ਨੂੰ ਹੋਰ ਡੂੰਘਾ ਕਰਨ ਦਾ ਇੱਕ ਕੀਮਤੀ ਮੌਕਾ ਪ੍ਰਦਾਨ ਕਰੇਗੀ।

# ਆਸਟ੍ਰੇਲੀਆ ਵਿਚ ਪੰਦਰਾਂ ਸਾਲਾਂ 'ਚ ਪਹਿਲੀ ਵਾਰ ਵਾਧੇ ਵਾਲਾ ਬਜਟ ਪੇਸ਼

ਮੈਲਬਰਨ- ਆਸਟਰੇਲੀਆ ਦੀ ਸੱਤਾਧਾਰੀ ਲੇਬਰ ਸਰਕਾਰ ਨੇ ਵਾਧੇ ਦਾ ਬਜਟ ਪੇਸ਼ ਕਰਦਿਆਂ ਆਰਥਿਕ ਨੀਤੀਆਂ ਵਿੱਚ ਫੇਰ ਬਦਲ ਦੇ ਨਾਲ-ਨਾਲ ਹੋਰ ਖੇਤਰਾਂ ਵਿੱਚ ਵੀ ਵੱਡੇ ਬਦਲਾਅ ਦਾ ਐਲਾਨ ਕੀਤਾ ਹੈ। ਜਾਣਕਾਰੀ ਅਨੁਸਾਰ ਪਿਛਲੇ ਪੰਦਰਾਂ ਸਾਲਾਂ ਦੌਰਾਨ ਦੇਸ਼ ਵਿੱਚ ਪਹਿਲੀ ਵਾਰ ਵਾਧੇ ਦਾ ਬਜਟ ਪੇਸ਼ ਹੋਇਆ ਹੈ।



ਬਜਟ ਅਨੁਸਾਰ ਇੱਥੇ ਪੜ੍ਹਾਈ ਲਈ ਆ ਰਹੇ ਕੌਮਾਂਤਰੀ ਵਿਦਿਆਰਥੀਆਂ ਨੂੰ ਕੰਮ ਕਰਨ ਦੇ ਘੰਟਿਆਂ ਦੀ ਇਜਾਜ਼ਤ ਹੁਣ ਘਟਾ ਦਿੱਤੀ ਗਈ ਹੈ, ਕਰੋਨਾ ਕਾਰਨ ਕਾਮਿਆਂ ਦੀ ਵੱਡੀ ਘਾਟ ਕਾਰਨ ਵਿਦਿਆਰਥੀਆਂ ਨੂੰ ਕੰਮ ਕਰਨ ਦੀ ਖੁੱਲ੍ਹ ਦਿੱਤੀ ਗਈ ਸੀ ਪਰ ਹੁਣ ਪਹਿਲੀ ਜੁਲਾਈ ਤੋਂ ਵਿਦੇਸ਼ੀ ਵਿਦਿਆਰਥੀ ਹਫ਼ਤੇ ਵਿੱਚ ਸਿਰਫ 24 ਘੰਟੇ ਹੀ ਕੰਮ ਕਰ ਸਕਣਗੇ। ਸਰਕਾਰ ਦੀ ਇਸ ਨੀਤੀ ਨਾਲ ਪਹਿਲਾਂ ਹੀ ਮਹਿੰਗੇ ਕੋਰਸ ਲੈ ਕੇ ਇੱਥੇ ਆਏ ਵਿਦਿਆਰਥੀਆਂ 'ਤੇ ਆਰਥਿਕ ਬੋਝ ਵਧਣਾ ਤੈਅ ਹੈ। ਇਸੇ ਤਰ੍ਹਾਂ 665 ਮਿਲੀਅਨ ਡਾਲਰ ਦੀ ਵਾਧੂ ਕਮਾਈ ਕਰਨ ਲਈ ਸਰਕਾਰ ਨੇ ਵੱਖ ਵੱਖ ਵੀਜ਼ਾ ਸ਼੍ਰੇਣੀਆਂ ਦੀਆਂ ਫੀਸਾਂ ਵਿੱਚ ਵਾਧਾ ਕੀਤਾ ਹੈ। ਹੁਣ ਇੱਥੇ ਵਰਕ ਵੀਜ਼ਾ, ਸੈਲਾਨੀ ਵੀਜ਼ਾ ਅਤੇ ਹੋਰ ਆਰਜੀ ਵੀਜ਼ਿਆਂ 'ਤੇ ਆਉਣ ਵਾਲਿਆਂ ਨੂੰ ਵਧੇਰੇ ਫੀਸ ਦੇਣੀ ਪਵੇਗੀ। ਸਰਕਾਰ ਮੁਤਾਬਿਕ ਸੇਵਾਵਾਂ ਦੀ ਬਿਹਤਰੀ ਲਈ ਇਹ ਫੀਸ ਵਧਾਈ ਗਈ ਹੈ। ਐਲਬਨੀਜ਼ ਸਰਕਾਰ ਨੇ ਆਪਣਾ ਇਹ ਬਜਟ ਕਰੀਬ ਚਾਰ ਬਿਲੀਅਨ ਦੇ ਵਾਧੇ ਨਾਲ ਪੇਸ਼ ਕੀਤਾ ਹੈ। ਹਾਲਾਂਕਿ ਵਿਰੋਧੀ ਪਾਰਟੀਆਂ ਅਨੁਸਾਰ ਸਰਕਾਰ ਨੇ ਮਹਿੰਗਾਈ ਦੇ ਡੰਗੇ ਵੱਖ ਵੱਖ ਵਰਗਾਂ ਨੂੰ ਬਣਦੀ ਰਾਹਤ ਨਹੀਂ ਦਿੱਤੀ ਹੈ।

# ਕਾਂਗਰਸੀ ਵਿਧਾਇਕ ਸ਼ੇਰੋਵਾਲੀਆ 'ਤੇ FIR

## ਜਲੰਧਰ 'ਚ ਵੋਟਿੰਗ ਦੇ ਦਿਨ 'ਆਪ' ਵਿਧਾਇਕ ਟੌਂਗ ਦਾ ਰੋਕਿਆ ਸੀ ਕਾਫਲਾ

ਸ਼ਾਹਕੋਟ ਵਿਧਾਨ ਸਭਾ ਸੀਟ ਤੋਂ ਕਾਂਗਰਸ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ 'ਤੇ FIR ਦਰਜ ਕੀਤੀ ਗਈ ਹੈ। ਉਨ੍ਹਾਂ ਜਲੰਧਰ ਲੋਕ ਸਭਾ ਜ਼ਿਮਨੀ ਚੋਣ ਲਈ ਵੋਟਿੰਗ ਵਾਲੇ ਦਿਨ ਅੰਮ੍ਰਿਤਸਰ ਦੇ ਬਾਬਾ ਬਕਾਲਾ ਤੋਂ ਆਮ ਆਦਮੀ ਪਾਰਟੀ (ਆਪ) ਦੇ ਵਿਧਾਇਕ ਦਲਬੀਰ ਸਿੰਘ ਟੁੰਗ ਦੇ ਕਾਫਲੇ ਨੂੰ ਰੋਕਦਿਆਂ ਚੋਣ ਕਮਿਸ਼ਨ ਦੇ ਜ਼ਾਬਤੇ ਦੀ ਉਲੰਘਣਾ ਕਰਨ ਦਾ ਦੋਸ਼ ਲਾਇਆ।

ਕਾਂਗਰਸੀ ਵਿਧਾਇਕ ਖਿਲਾਫ ਸ਼ਾਹਕੋਟ ਥਾਣੇ ਵਿਚ ਵਿਧਾਇਕ ਦਲਬੀਰ ਟੌਂਗ ਦੇ ਡਰਾਈਵਰ ਗਗਨਦੀਪ ਅਰੋੜਾ ਦੀ ਸ਼ਿਕਾਇਤ 'ਤੇ ਮਾਮਲਾ ਦਰਜ ਕੀਤਾ ਗਿਆ ਹੈ। ਇਸ ਦੇ ਇਲਾਵਾ ਐਫਆਈਆਰ ਵਿਚ 12 ਹੋਰ ਲੋਕਾਂ ਦਾ ਵੀ ਨਾਂ ਸ਼ਾਮਲ ਹੈ। ਗਗਨਦੀਪ ਨੇ ਆਪਣੀ ਸ਼ਿਕਾਇਤ ਵਿਚ ਕਿਹਾ ਕਿ ਉਹ ਵਿਧਾਇਕ ਟੌਂਗ ਦੇ ਕਾਫਲੇ ਨੂੰ ਸੁਲਤਾਨਪੁਰ ਲੋਧੀ ਬਾਇਆ





ਜਲੰਧਰ ਲੈ ਕੇ ਜਾ ਰਹੇ ਸਨ।

ਉਸੇ ਦੌਰਾਨ ਸ਼ਾਹਕੋਟ ਦੇ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਨੇ ਆਪਣੇ ਸਮਰਥਕਾਂ ਨਾਲ ਉਨ੍ਹਾਂ ਦੀ ਗੱਡੀ ਨੂੰ ਰੋਕ ਲਿਆ। ਇਥੋਂ ਤੱਕ ਕਿ ਉਨ੍ਹਾਂ ਦੀ ਗੱਡੀ ਦੀ ਚਾਬੀ ਵੀ ਕੱਢ ਲਈ। ਇਸ ਦੇ ਬਾਅਦ ਪੁਲਿਸ ਨੂੰ ਉਨ੍ਹਾਂ ਨੇ ਮੌਕੇ 'ਤੇ ਬੁਲਾਇਆ ਤਾਂ ਪੁਲਿਸ ਉਨ੍ਹਾਂ ਨੂੰ ਥਾਣੇ ਲੈ ਕੇ ਗਈ ਸੀ।

# ਪੰਜਾਬੀ ਨੌਜਵਾਨ ਹਰਦੀਪ ਸਿੰਘ ਨੂੰ ਵਿਕਟੋਰੀਆ 'ਚ ਮਿਲਿਆ ਚੋਟੀ ਦੇ ਉੱਪ ਜੇਤੂ ਏਜੰਟ ਹੋਣ ਦਾ ਮਾਣ

ਮੈਲਬੌਰਨ - ਆਸਟ੍ਰੇਲੀਆ ਦੀ ਸਭ ਤੋਂ ਭਰੋਸੇਮੰਦ ਕੰਪਨੀ ਰੀਅਲ ਅਸਟੇਟ ਡਾਟ ਕਾਮ ਦੁਆਰਾ ਵਿਕਟੋਰੀਆ ਸੂਬੇ ਵਿਚ ਸਭ ਤੋਂ ਵਧੀਆ ਰਿਹਾਇਸ਼ੀ ਵਿਕਰੀ ਏਜੰਟਾਂ ਨੂੰ ਮਾਨਤਾ ਦੇਣ ਲਈ ਬੀਤੇ ਦਿਨੀਂ ਸਿਡਨੀ ਵਿਚ ਸੱਤਵੇਂ ਸਲਾਨਾ ਐਕਸੀਲੈਂਸ ਅਵਾਰਡ ਦਾ ਆਯੋਜਨ ਕੀਤਾ ਗਿਆ। ਹਜ਼ਾਰਾਂ ਵਧੀਆ ਰੀਅਲ ਅਸਟੇਟ ਏਜੰਟਾਂ ਵਿਚੋਂ ਪੰਜਾਬੀ ਨੌਜਵਾਨ ਹਰਦੀਪ ਸਿੰਘ ਨੇ ਵਿਕਟੋਰੀਆ ਵਿਚ ਚੋਟੀ ਦੇ ਉੱਪ ਜੇਤੂ ਏਜੰਟ ਹੋਣ ਦਾ ਮਾਣ ਮਿਲਿਆ। ਹਰਦੀਪ ਸਿੰਘ ਦੀ ਇਹ ਪ੍ਰਾਪਤੀ ਪੰਜਾਬੀ ਅਤੇ ਭਾਰਤੀ ਭਾਈਚਾਰੇ ਲਈ ਮਾਣ ਵਾਲੀ ਗੱਲ ਹੈ ਕਿਉਂਕਿ ਹਰਦੀਪ ਸਿੰਘ ਨੂੰ ਆਸਟ੍ਰੇਲੀਆ ਦੀ ਪ੍ਰਮੁੱਖ ਅਤੇ ਪ੍ਰਮਾਣਿਕ ਰੀਅਲ ਅਸਟੇਟ



ਫਰਮਾਂ ਵੱਲੋਂ ਅਜਿਹਾ ਵੱਕਾਰੀ ਪੁਰਸਕਾਰ ਮਿਲਿਆ ਹੈ। ਉਸ ਨੇ ਅਵਾਰਡ ਪ੍ਰਾਪਤ ਕਰਨ 'ਤੇ ਧੰਨਵਾਦ ਅਤੇ ਖੁਸ਼ੀ ਦਾ ਪ੍ਰਗਟਾਵਾ ਵੀ ਕੀਤਾ ਅਤੇ ਕਿਹਾ ਕਿ ਉਸ ਨੂੰ ਉਮੀਦ ਹੈ ਕਿ ਉਸ ਦੀ ਸਫ਼ਲਤਾ ਉਸ ਦੇ ਸਮਾਜ ਅਤੇ ਇਸ ਤੋਂ ਬਾਹਰ ਦੇ ਨੌਜਵਾਨਾਂ ਨੂੰ ਸਖ਼ਤ ਮਿਹਨਤ ਕਰਨ ਅਤੇ ਆਪਣੇ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਪ੍ਰੇਰਦੀ ਰਹੇਗੀ।

# ਸ੍ਰੀ ਦਰਬਾਰ ਸਾਹਿਬ ਨਜ਼ਦੀਕ ਧਮਾਕੇ ਦੀਆਂ ਘਟਨਾਵਾਂ, ਐਸ. ਜੀ. ਪੀ. ਸੀ. ਪ੍ਰਧਾਨ ਨੇ ਦੋਸ਼ੀਆਂ ਨੂੰ ਪਛਾਣਨ ਤੇ ਫੜਨ ਲਈ ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਦੀ ਕੀਤੀ ਸ਼ਲਾਘਾ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ੍ਰੀ ਦਰਬਾਰ ਸਾਹਿਬ ਦੇ ਬਾਹਰ ਗਲਿਆਰਾ ਪਾਰਕ ਵਿਖੇ ਲੰਘੀ ਰਾਤ ਹੋਏ ਧਮਾਕੇ ਦੀ ਕਰੜੀ ਨਿੰਦਾ ਕਰਦਿਆਂ ਇਸ ਨੂੰ ਪੰਜਾਬ ਸਰਕਾਰ ਦੀ ਨਾਕਾਮੀ ਕਰਾਰ ਦਿੱਤਾ ਹੈ। ਘਟਨਾ ਮਗਰੋਂ ਇਥੇ ਪੁੱਜੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਜਿਥੇ ਹਾਲਾਤਾਂ ਦਾ ਜਾਇਜ਼ਾ ਲਿਆ, ਉਥੇ ਹੀ ਮੀਡੀਆ ਨਾਲ ਗੱਲ ਕਰਦਿਆਂ ਕਿਹਾ ਕਿ ਜੇਕਰ ਲੰਘੇ ਦਿਨੀਂ ਵਿਰਾਸਤੀ ਮਾਰਗ 'ਤੇ ਹੋਏ ਦੋ ਧਮਾਕਿਆਂ ਨੂੰ ਸਰਕਾਰ ਨੇ ਸੰਜੀਦਗੀ ਨਾਲ



ਲੈ ਕੇ ਗਹਿਰੀ ਜਾਂਚ ਕੀਤੀ ਹੁੰਦੀ ਤਾਂ ਇਹ ਤਾਜ਼ਾ ਘਟਨਾ ਨਾ ਵਾਪਰਦੀ। ਐਡਵੋਕੇਟ ਧਾਮੀ ਨੇ ਘਟਨਾ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੀਤੀ ਰਾਤ ਕਰੀਬ 12:10 ਵਜੇ ਜ਼ੋਰਦਾਰ ਧਮਾਕੇ ਦੀ ਅਵਾਜ਼ ਮਗਰੋਂ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਤੁਰੰਤ ਹਰਕਤ ਵਿਚ ਆਏ ਅਤੇ ਘਟਨਾ ਨੂੰ ਅੰਜਾਮ ਦੇਣ ਵਾਲਿਆਂ ਦੀ ਸੀਸੀਟੀਵੀ ਕੈਮਰਿਆਂ ਰਾਹੀਂ ਪਛਾਣ ਕਰਨ ਤੋਂ ਲੈ ਕੇ ਉਨ੍ਹਾਂ ਨੂੰ ਫੜ ਕੇ ਪੁਲਿਸ ਹਵਾਲੇ ਕਰਨ ਤੱਕ ਦੀ ਜ਼ੁੰਮੇਵਾਰੀ ਨਿਭਾਈ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਅਤੇ ਸ੍ਰੀ ਦਰਬਾਰ ਸਾਹਿਬ ਦੇ ਮੁਲਾਜ਼ਮਾਂ ਨੇ ਬਾਰੀਕੀ ਨਾਲ ਸੀਸੀਟੀਵੀ ਕੈਮਰੇ ਖੰਗਾਲ ਕੇ ਕਰੀਬ 4:15 ਵਜੇ ਦੋਸ਼ੀ ਨੂੰ ਸ੍ਰੀ ਗੁਰੂ ਰਾਮਦਾਸ ਜੀ ਸਰਾਂ ਦੇ ਵਰਾਂਡੇ ਵਿੱਚੋਂ ਫੜਿਆ ਅਤੇ ਪੁਲਿਸ ਨੂੰ ਸੌਂਪਿਆ। ਉਸ ਦੇ ਨਾਲ ਦੋ ਹੋਰ ਸ਼ੱਕੀ ਵਿਅਕਤੀਆਂ ਨੂੰ ਵੀ ਫੜ ਕੇ ਪੁਲਿਸ ਪ੍ਰਸ਼ਾਸਨ ਨੂੰ ਸੌਂਪਿਆ ਗਿਆ।

# ਸਪਾ ਸੈਂਟਰ ‘ਤੇ ਦੇਹ ਵਪਾਰ ਦੇ ਧੰਦੇ ਦਾ ਪਰਦਾਫ਼ਾਸ਼, ਪੁਲਿਸ ਨੇ ਰੇਡ ਮਾਰ ਔਰਤਾਂ ਸਣੇ 7 ਕੀਤੇ ਕਾਬੂ

ਪੰਜਾਬ ਦੇ ਬਠਿੰਡਾ ਸ਼ਹਿਰ ‘ਚ 100 ਫੁੱਟ ਰੋਡ ‘ਤੇ ਸਥਿਤ ਸਪਾ ਸੈਂਟਰ ‘ਚ ਚੱਲ ਰਹੇ ਸੈਕਸ ਰੈਕੇਟ ਦਾ ਪੁਲਿਸ ਨੇ ਪਰਦਾਫਾਸ਼ ਕੀਤਾ ਹੈ। ਸੀ.ਆਈ.ਏ.-1 ਦੀ ਟੀਮ ਨੇ ਗੁੱਡਵਿਲ ਦੇ ਨਾਂ ‘ਤੇ ਚੱਲ ਰਹੇ ਇਸ ਸਪਾ ਸੈਂਟਰ ‘ਤੇ ਛਾਪਾ ਮਾਰ ਕੇ 4 ਔਰਤਾਂ ਸਣੇ 7 ਲੋਕਾਂ ਨੂੰ ਮੌਕੇ ਤੋਂ ਗ੍ਰਿਫਤਾਰ ਕੀਤਾ ਹੈ। ਪੁਲਿਸ ਵੱਲੋਂ 3 ਸੈਂਟਰ ਸੰਚਾਲਕਾਂ ਨੂੰ ਫੜਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।



ਥਾਣਾ ਸਿਵਲ ਲਾਈਨ ਵਿੱਚ ਸਪਾ ਸੈਂਟਰ ਦੇ ਤਿੰਨ ਮਾਲਕਾਂ ਸਣੇ 10 ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਇਹ ਸਪਾ ਸੈਂਟਰ ਪਿਛਲੇ ਕਈ ਮਹੀਨਿਆਂ ਤੋਂ ਚੱਲ ਰਿਹਾ ਹੈ। ਸੀਆਈਏ ਸਟਾਫ਼ ਵਨ ਦੇ ਇੰਚਾਰਜ ਤ੍ਰਿਲੋਚਨ ਸਿੰਘ ਨੇ ਦੱਸਿਆ ਕਿ ਪੁਲਿਸ ਟੀਮ ਨੂੰ ਗੁਪਤ ਸੂਚਨਾ ਮਿਲੀ ਸੀ ਕਿ 100 ਫੁੱਟੀ ਰੋਡ ’ਤੇ ਲਾਲੀ ਸਵੀਟਸ ਹਾਊਸ ਨੇੜੇ ਗੁਡਵਿਲ ਨਾਂ ਦਾ ਸਪਾ ਸੈਂਟਰ ਚੱਲ ਰਿਹਾ ਹੈ, ਜਿਸ ਵਿੱਚ ਹੋਰਨਾਂ ਸ਼ਹਿਰਾਂ ਤੋਂ ਲੜਕੀਆਂ ਨੂੰ ਬਠਿੰਡਾ ਲਿਆ ਕੇ ਮਸਾਜ ਦੀ ਆੜ ਵਿੱਚ ਦੇਹ ਵਪਾਰ ਦਾ ਕੰਮ ਕਰਵਾਇਆ ਜਾ ਰਿਹਾ ਹੈ। ਟੀਮ ਨੇ ਮੌਕੇ ‘ਤੇ ਛਾਪਾ ਮਾਰ ਕੇ ਜਾਫਰ ਖਾਨ ਵਾਸੀ ਮੁਲਤਾਨੀਆ ਰੋਡ, ਸੋਨੂੰ ਕੁਮਾਰ, ਅਮਨ ਕੁਮਾਰ ਵਾਸੀ ਗਿੱਦੜਬਾਹਾ ਤੋਂ ਇਲਾਵਾ ਰਾਜਸਥਾਨ ਦੇ ਹਨੂੰਮਾਨਗੜ੍ਹ ਦੀ ਰਹਿਣ ਵਾਲੀ ਇਕ ਲੜਕੀ, ਅੰਮ੍ਰਿਤਸਰ ਸ਼ਹਿਰ ਤੋਂ ਦੋ ਅਤੇ ਬਠਿੰਡਾ ਤੋਂ ਇਕ ਨੂੰ ਕਾਬੂ ਕੀਤਾ। ਜਦੋਂਕਿ ਸਪਾ ਸੈਂਟਰ ਦੇ ਮਾਲਕਾਂ ਅਤੇ ਲੁਧਿਆਣਾ ਦੇ ਵਸਨੀਕ ਰਹਿਮਤ, ਰੋਹਨ ਅਤੇ ਅਮਿਤ ਕੁਮਾਰ ਨੂੰ ਵੀ ਮਾਮਲੇ ਵਿੱਚ ਨਾਮਜ਼ਦ ਕਰਕੇ ਗ੍ਰਿਫ਼ਤਾਰ ਕਰਨ ਦੀਆਂ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ।

## ਸਮਲਿੰਗੀ ਵਿਆਹ ‘ਤੇ ਦਲੀਲ

# ‘ਬੱਚੇ ਪੈਦਾ ਨਹੀਂ ਹੋਣਗੇ ਤਾਂ ਮਨੁੱਖੀ ਸੱਭਿਅਤਾ ‘ਤੇ ਆਏਗਾ ਸੰਕਟ’

ਸਮਲਿੰਗੀ ਵਿਆਹਾਂ ਨੂੰ ਮਨਜ਼ੂਰੀ ਦੇਣ ਦੀ ਮੰਗ ਕਰਨ ਵਾਲੀਆਂ ਪਟੀਸ਼ਨਾਂ ‘ਤੇ ਸੁਪਰੀਮ ਕੋਰਟ ‘ਚ ਤਿੱਖੀ ਬਹਿਸ ਚੱਲ ਰਹੀ ਹੈ। ਮੰਗਲਵਾਰ ਨੂੰ ਇਕ ਵਾਰ ਫਿਰ ਇਸ ‘ਤੇ ਦਿਲਚਸਪ ਚਰਚਾ ਹੋਈ। ਇਸ ਦੌਰਾਨ ਸਮਲਿੰਗੀ ਵਿਆਹ ਨੂੰ ਮਾਨਤਾ ਦੇਣ ਦਾ ਵਿਰੋਧ ਕਰਦੇ ਹੋਏ ਐਡਵੋਕੇਟ ਰਾਕੇਸ਼ ਦਿਵੇਦੀ ਨੇ ਕਈ ਦਲੀਲਾਂ ਪੇਸ਼ ਕੀਤੀਆਂ। ਉਨ੍ਹਾਂ ਕਿਹਾ ਕਿ ਸਮਲਿੰਗੀ ਵਿਆਹ ਬੱਚੇ ਪੈਦਾ ਨਹੀਂ ਕਰ ਸਕਦਾ, ਜੋ ਕਿ ਵਿਆਹ ਦਾ ਇੱਕ ਅਹਿਮ ਮਕਸਦ ਹੈ।

ਦਿਵੇਦੀ ਨੇ ਕਿਹਾ ਕਿ ਜੇ ਵਿਆਹ ਦੀ ਪਰਿਭਾਸ਼ਾ ਨੂੰ ਸਹੀ ਢੰਗ ਨਾਲ ਨਾ ਸਮਝਿਆ ਗਿਆ ਤਾਂ ਸਮੱਸਿਆਵਾਂ ਪੈਦਾ ਹੋਣਗੀਆਂ। ਉਨ੍ਹਾਂ ਕਿਹਾ ਕਿ ਜੇ ਵਿਆਹ ਸਬੰਧੀ ਕੋਈ ਨਿਯਮ ਜਾਂ ਕਾਨੂੰਨ ਨਹੀਂ ਹੈ ਤਾਂ ਭੈਣ-ਭਰਾ ਵੀ ਵਿਆਹ ਕਰਵਾਉਣਾ ਚਾਹੁਣਗੇ। ਇੰਨਾ ਹੀ ਨਹੀਂ, ਉਨ੍ਹਾਂ ਕਿਹਾ ਕਿ ਸਮਲਿੰਗੀ ਵਿਆਹ ਤੋਂ ਬੱਚੇ ਨਹੀਂ ਹੋਣਗੇ ਅਤੇ ਫਿਰ ਮਨੁੱਖੀ ਸੱਭਿਅਤਾ ‘ਤੇ ਹੀ ਸੰਕਟ ਆ ਜਾਵੇਗਾ। ਦਿਵੇਦੀ ਨੇ ਕਿਹਾ ਕਿ ਕਈ ਦੇਸ਼ਾਂ ਵਿੱਚ ਬੱਚੇ ਪੈਦਾ ਨਹੀਂ ਹੋ ਰਹੇ ਅਤੇ ਲੋਕ ਬੁੱਢੇ ਹੋ ਰਹੇ ਹਨ। ਉਨ੍ਹਾਂ ਸਪੱਸ਼ਟ ਕਿਹਾ ਕਿ ਵਿਆਹ ਨੂੰ ਇੰਨਾ ਪਰਿਭਾਸ਼ਿਤ ਨਹੀਂ ਰੱਖਿਆ ਜਾ ਸਕਦਾ। ਉਨ੍ਹਾਂ ਕਿਹਾ ਕਿ ਵਿਆਹ ਦਾ ਇੱਕ ਅਰਥ ਇਹ ਵੀ ਹੈ ਕਿ ਸਮਾਜਿਕ ਉਦੇਸ਼ ਲਈ ਔਰਤ-ਮਰਦ ਦਾ ਮਿਲਾਪ ਹੋਣਾ ਚਾਹੀਦਾ ਹੈ।





ਇਹ ਮਨੁੱਖੀ ਸੱਭਿਅਤਾ ਨੂੰ ਕਾਇਮ ਰੱਖਣ ਲਈ ਵੀ ਜ਼ਰੂਰੀ ਹੈ ਅਤੇ ਪ੍ਰਜਨਨ ਇਸ ਦਾ ਇਕ ਸਾਧਨ ਹੈ। ਪਰ ਸਮਲਿੰਗੀ ਵਿਆਹ ਨਾਲ ਸੰਤਾਨ ਪੈਦਾ ਨਹੀਂ ਹੋ ਸਕਦੀ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਵਿਆਹ ਦੀ ਪਰਿਭਾਸ਼ਾ ਨੂੰ ਬਦਲਣਾ ਠੀਕ ਨਹੀਂ ਹੋਵੇਗਾ। ਇਸ ‘ਤੇ ਬੈਂਚ ‘ਚ ਸ਼ਾਮਲ ਜਸਟਿਸ ਰਵਿੰਦਰ ਭੱਟ ਨੇ ਕਿਹਾ ਕਿ ਬਦਲਾਅ ਗਲਤ ਕਿਵੇਂ ਹੋ ਸਕਦਾ ਹੈ? ਉਨ੍ਹਾਂ ਕਿਹਾ ਕਿ ਭਾਰਤ ਦਾ ਸੰਵਿਧਾਨ ਪੁਰਾਣੀ ਰਵਾਇਤਾਂ ਨੂੰ ਤੋੜਨ ਵਾਲਾ ਹੈ। ਜਸਟਿਸ ਭੱਟ ਨੇ ਕਿਹਾ ਕਿ ਪਹਿਲਾਂ ਅੰਤਰ-ਜਾਤੀ ਵਿਆਹਾਂ ਦੀ ਇਜਾਜ਼ਤ ਨਹੀਂ ਸੀ ਅਤੇ 50 ਸਾਲ ਪਹਿਲਾਂ ਅੰਤਰ-ਧਾਰਮਿਕ ਵਿਆਹ ਨਹੀਂ ਸੁਣੇ ਜਾਂਦੇ ਸਨ। ਪਰ ਹੁਣ ਅਜਿਹਾ ਹੋ ਰਿਹਾ ਹੈ ਅਤੇ ਇਸ ਦਾ ਕਾਰਨ ਇਹ ਹੈ ਕਿ ਸੰਵਿਧਾਨ ਵਿੱਚ ਇਸ ਲਈ ਲੋਕਾਂ ਨੂੰ ਇਜਾਜ਼ਤ ਦਿੱਤੀ ਗਈ ਹੈ।

ਉਨ੍ਹਾਂ ਕਿਹਾ ਕਿ ‘ਸੰਵਿਧਾਨ ਹੀ ਰਿਵਾਇਤ ਨੂੰ ਤੋੜਨ ਜਾ ਰਿਹਾ ਹੈ ਕਿਉਂਕਿ ਤੁਸੀਂ ਪਹਿਲੀ ਵਾਰ ਧਾਰਾ 14 ਲੈ ਕੇ ਆਏ ਹੋ। ਜੇ ਤੁਸੀਂ ਧਾਰਾ 14, 15 ਅਤੇ 17 ਲੈ ਕੇ ਆਏ ਹੋ ਤਾਂ ਉਹ ਰਿਵਾਇਤਾਂ ਟੁੱਟ ਗਈਆਂ ਹਨ। ਇਸ ‘ਤੇ ਦਿਵੇਦੀ ਨੇ ਦਲੀਲ ਦਿੱਤੀ ਕਿ ਵਿਧਾਨ ਸਭਾ ਵੱਲੋਂ ਬਦਲਾਅ ਕੀਤੇ ਗਏ ਹਨ, ਜਿਸ ਨਾਲ ਰੀਤੀ-ਰਿਵਾਜ ਬਦਲ ਸਕਦੇ ਹਨ। ਅਦਾਲਤ ਇਹ ਕੰਮ ਨਹੀਂ ਕਰ ਸਕਦੀ।

# ਇਟਲੀ ਦੇ ਮਿਲਾਨ ‘ਚ ਵੱਡਾ ਧਮਾਕਾ, ਧੂੰ-ਧੂੰ ਕਰਕੇ ਸੜੀਆਂ ਕਈ ਗੱਡੀਆਂ, ਇਲਾਕਾ ਸੀਲ

ਇਟਲੀ ਦੇ ਸ਼ਹਿਰ ਵਿੱਚ ਵੀਰਵਾਰ ਨੂੰ ਵੱਡਾ ਧਮਾਕਾ ਹੋ ਗਿਆ। ਪਾਰਕਿੰਗ ਵਿੱਚ ਖੜ੍ਹੀ ਵੈਨ ਵਿੱਚ ਧਮਾਕੇਨਾਲ ਕਈ ਗੱਡੀਆਂ ਨੂੰ ਅੱਗ ਲੱਗ ਗਈ। ਪੁਲਿਸ ਨੇ ਦੱਸਿਆ ਕਿ ਕੁਝ ਗੱਡੀਆਂ ਵਿੱਚ ਅੱਗ ਲੱਗੀ ਹੈ। ਪੁਲਿਸ ਮੁਤਾਬਕ ਇਹ ਧਮਾਕਾ ਇੱਕ ਵੈਨ ਵਿੱਚ ਹੋਇਆ ਹੈ। ਇਲਾਕੇ ਨੂੰ ਸੀਲ ਕਰ ਦਿੱਤਾ ਗਿਆ ਹੈ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਹੁਣ ਤੱਕ ਇਹ ਸਾਫ ਨਹੀਂ ਹੋ ਸਕਿਆ ਹੈ ਕਿ ਧਮਾਕੇ ਵਿੱਚ ਕਿਸ ਤਰ੍ਹਾਂ ਦਾ ਨੁਕਸਾਨ ਹੋਇਆ ਹੈ। ਦੂਰੋਂ ਅੱਗ ਅਤੇ ਧੂੰਆਂ ਨਜ਼ਰ ਆ ਰਿਹਾ ਹੈ।



ਇਟਲੀ ਦੇ ਇੱਕ ਅਖਬਾਰ ਦੀ ਵੈੱਬਸਾਈਟ ਮੁਤਾਬਕ ਜਿਸ ਵੈਨ ਵਿੱਚ ਧਮਾਕਾ ਹੋਇਆ, ਉਸ ਵਿੱਚ ਕੁਝ ਗੈਸ ਸਿਲੰਡਰ ਡਿਲਵਰੀ ਲਈ ਰੱਖੇ ਗਏ ਸਨ। ਇਸ ਵੈਨ ਨੂੰ ਪਾਰਕਿੰਗ ਵਿੱਚ ਲਿਜਾਇਆ ਜਾ ਰਿਹਾ ਸੀ, ਇਸੇ ਦੌਰਾਨ ਕਿਸੇ ਸਿਲੰਡਰ ਵਿੱਚ ਬਲਾਸਟ ਹੋ ਗਿਆ। ਫਿਲਹਾਲ, ਇੱਕ ਆਦਮੀ ਦੇ ਜ਼ਖਮੀ ਹੋਣ ਦੀ ਜਾਣਕਾਰੀ ਹੈ। ਕੋਲ ਮੌਜੂਦ ਸਕੂਲ ਅਤੇ ਇੱਕ ਨਰਸਿੰਗ ਹੋਮ ਨੂੰ ਖਾਲੀ ਕਰਾ ਲਿਆ ਗਿਆ ਹੈ। ਚਾਰ ਕਾਰਾਂ ਵਿੱਚ ਅੱਗ ਲੱਗੀ, ਇਸ ਨੂੰ ਬੁਝਾ ਦਿੱਤਾ ਗਿਆ ਹੈ। ਸਥਾਨਕ ਮੀਡੀਆ ਵੈਨ ਵਿੱਚ ਧਮਾਕਾ ਹੋਣ ਨਾਲ ਪੰਜ ਕਾਰ ਵਿੱਚ ਅੱਗ ਲੱਗ ਗਈ ਹੈ। ਵੀਡੀਓ ਵਿੱਚ ਦਿਸ ਰਿਹਾ ਹੈ ਕਿ ਇਸ ਦੇ ਤੁਰੰਤ ਬਾਅਦ ਅਸਮਾਨ ਵਿੱਚ ਸੰਘਣੇ ਧੂੰਏਂ ਦਾ ਗੁਬਾਰ ਦਿਸ ਰਿਹਾ ਹੈ। ਫਿਲਹਾਲ ਕੋਈ ਜ਼ਖਮੀ ਨਹੀਂ ਹੋਇਆ ਹੈ।

# ਹੇਮਕੁੰਟ ਸਾਹਿਬ ਦੀ ਯਾਤਰਾ ਵਾਸਤੇ ਬਰਫ਼ ਹਟਾਉਣ ਦੇ ਕੰਮ ਤੇਜ਼ੀ ਨਾਲ ਜਾਰੀ

ਅੰਮ੍ਰਿਤਸਰ- ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਸਾਲਾਨਾ ਯਾਤਰਾ ਵਾਸਤੇ ਬਰਫ਼ ਕੱਟ ਕੇ ਰਾਹ ਤਿਆਰ ਕਰਨ ਦੇ ਕੰਮ ਵਿਚ ਹੋਰ ਤੇਜ਼ੀ ਲਿਆਂਦੀ ਜਾ ਰਹੀ ਹੈ ਤਾਂ ਜੋ ਇਸ ਨੂੰ ਸਮੇਂ-ਸਿਰ ਮੁਕੰਮਲ ਕੀਤਾ ਜਾ ਸਕੇ। ਇਹ ਯਾਤਰਾ 17 ਮਈ ਤੋਂ ਆਰੰਭ ਹੋ ਰਹੀ ਹੈ, ਜਿਸ ਦੇ ਤਹਿਤ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ ਸੰਗਤ ਲਈ 20 ਮਈ ਨੂੰ ਖੋਲ੍ਹੇ ਜਾਣਗੇ। ਇਸ ਦੌਰਾਨ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਪ੍ਰਧਾਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਉਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੂੰ ਯਾਤਰਾ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ। ਉਤਰਾਖੰਡ ਵਿਚ ਲਗਪਗ 15 ਹਜ਼ਾਰ ਫੁੱਟ ਦੀ ਉਚਾਈ ’ਤੇ ਸਥਾਪਤ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਵਿਖੇ ਪਿਛਲੇ ਦਿਨੀਂ ਲਗਾਤਾਰ ਬਰਫ਼ ਪਈ ਹੈ, ਜਿਸ ਕਾਰਨ ਬਰਫ਼ ਹਟਾਉਣ ਦੇ ਕੰਮ ਵਿਚ ਰੁਕਾਵਟ ਆਈ ਸੀ ਪਰ ਹੁਣ ਮੌਸਮ ਸਾਫ਼ ਹੋਣ ਮਗਰੋਂ ਬਰਫ਼ ਹਟਾਉਣ ਦੇ ਕੰਮ ਵਿਚ ਤੇਜ਼ੀ ਲਿਆਂਦੀ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਗੁਰਦੁਆਰਾ ਗੋਬਿੰਦ ਘਾਟ ਦੇ ਮੈਨੇਜਰ ਸੇਵਾ ਸਿੰਘ ਨੇ ਦੱਸਿਆ ਕਿ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਵਿਖੇ ਪੌੜੀਆਂ ਵਾਲੇ ਮਾਰਗ ’ਚੋਂ ਬਰਫ ਹਟਾ ਦਿੱਤੀ ਗਈ ਹੈ ਅਤੇ ਪੈਦਲ ਮਾਰਗ ’ਚੋਂ ਹਟਾਈ ਜਾ ਰਹੀ ਹੈ।

# ਦਿੱਲੀ 'ਤੇ ਚੁਣੀ ਸਰਕਾਰ ਦਾ ਅਧਿਕਾਰ, ਵਿਧਾਨ ਸਭਾ ਕੋਲ ਕਾਨੂੰਨ ਬਣਾਉਣ ਦੀ ਸ਼ਕਤੀ: ਸੁਪਰੀਮ ਕੋਰਟ

ਨਵੀਂ ਦਿੱਲੀ- ਸੁਪਰੀਮ ਕੋਰਟ ਦੇ ਪੰਜ ਜੱਜਾਂ ਦੇ ਸੰਵਿਧਾਨਕ ਬੈਂਚ ਨੇ ਅੱਜ ਸਰਬਸੰਮਤੀ ਨਾਲ ਦਿੱਲੀ ਸਰਕਾਰ ਅਤੇ ਕੇਂਦਰ ਵਿਚਾਲੇ ਵਿਵਾਦ 'ਤੇ ਆਪਣਾ ਅਹਿਮ ਫੈਸਲਾ ਸੁਣਾਇਆ। ਉਸ ਨੇ ਕਿਹਾ ਕਿ ਦਿੱਲੀ ਸਰਕਾਰ ਕੋਲ ਉਹੀ ਅਧਿਕਾਰ ਹਨ, ਜੋ ਦਿੱਲੀ ਵਿਧਾਨ ਸਭਾ ਕੋਲ ਹਨ। ਦਿੱਲੀ ਸਰਕਾਰ ਕੋਲ ਸੇਵਾਵਾਂ ਉੱਤੇ ਵਿਧਾਨਿਕ ਅਤੇ ਕਾਰਜਕਾਰੀ ਅਧਿਕਾਰ ਹੈ। ਸਰਵਉੱਚ ਅਦਾਲਤ ਨੇ ਕਿਹਾ ਕਿ ਦਿੱਲੀ ਸਰਕਾਰ ਕੋਲ ਜਨਤਕ ਵਿਵਸਥਾ, ਪੁਲੀਸ ਅਤੇ ਜ਼ਮੀਨ ਵਰਗੇ ਵਿਸ਼ਿਆਂ ਤੋਂ ਇਲਾਵਾ ਸੇਵਾਵਾਂ ਉੱਤੇ ਵਿਧਾਨਕ ਅਤੇ ਕਾਰਜਕਾਰੀ ਸ਼ਕਤੀਆਂ ਹਨ।ਸੁਪਰੀਮ ਕੋਰਟ ਨੇ ਕਿਹਾ ਕਿ ਉਹ ਜਸਟਿਸ ਅਸ਼ੋਕ ਭੂਸ਼ਨ ਦੇ 2019 ਦੇ ਫੈਸਲੇ ਨਾਲ ਸਹਿਮਤ ਨਹੀਂ। 2019 ਵਿੱਚ ਜਸਟਿਸ ਭੂਸ਼ਨ ਨੇ ਪੂਰੀ ਤਰ੍ਹਾਂ ਕੇਂਦਰ ਦੇ ਹੱਕ ਵਿੱਚ ਫੈਸਲਾ ਦਿੱਤਾ ਸੀ। ਚੀਫ ਜਸਟਿਸ ਡੀਵਾਈ ਚੰਦਰਚੂੜ,



ਜਸਟਿਸ ਐੱਮਆਰ ਸ਼ਾਹ, ਜਸਟਿਸ ਕ੍ਰਿਸ਼ਨਾ ਮੁਰਾਰੀ, ਜਸਟਿਸ ਹਿਮਾ ਕੋਹਲੀ ਅਤੇ ਜਸਟਿਸ ਪੀਐੱਸ ਨਰਸਿਮਹਾ ਸ਼ਾਮਲ ਸਨ। ਸੁਪਰੀਮ ਕੋਰਟ ਨੇ ਪ੍ਰਸ਼ਾਸਨਿਕ ਸੇਵਾਵਾਂ 'ਤੇ ਅਧਿਕਾਰ ਬਾਰੇ ਦਿੱਲੀ ਸਰਕਾਰ ਦੀ ਪਟੀਸ਼ਨ 'ਤੇ ਸਰਬਸੰਮਤੀ ਨਾਲ ਫੈਸਲਾ ਦਿੱਤਾ ਹੈ। ਫੈਸਲਾ ਪੜ੍ਹਦੇ ਹੋਏ ਸੁਪਰੀਮ ਕੋਰਟ ਨੇ ਕਿਹਾ, 'ਦਿੱਲੀ ਵਿਧਾਨ ਸਭਾ ਦੇ ਮੈਂਬਰ, ਹੋਰ ਵਿਧਾਨ ਸਭਾਵਾਂ ਵਾਂਗ, ਲੋਕਾਂ ਦੁਆਰਾ ਸਿੱਧੇ ਤੌਰ 'ਤੇ ਚੁਣੇ ਜਾਂਦੇ ਹਨ। ਲੋਕਤੰਤਰ ਅਤੇ ਸੰਘੀ ਢਾਂਚੇ ਦਾ ਸਤਿਕਾਰ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਅਦਾਲਤ ਨੇ ਕਿਹਾ ਕਿ ਧਾਰਾ 239ਏਏ ਦਿੱਲੀ ਵਿਧਾਨ ਸਭਾ ਨੂੰ ਬਹੁਤ ਸਾਰੀਆਂ ਸ਼ਕਤੀਆਂ ਦਿੰਦਾ ਹੈ ਪਰ ਕੇਂਦਰ ਨਾਲ ਸੰਤੁਲਨ ਬਣਾਇਆ ਗਿਆ ਹੈ। ਦਿੱਲੀ ਦੇ ਮਾਮਲਿਆਂ ਵਿੱਚ ਵੀ ਸੰਸਦ ਦਾ ਅਧਿਕਾਰ ਹੈ। ਇਸ ਦੌਰਾਨ ਆਮ ਆਦਮੀ ਪਾਰਟੀ ਨੇ ਇਸ ਨੂੰ ਦਿੱਲੀ ਦੀ ਵੱਡੀ ਜਿੱਤ ਕਰਾਰ ਦਿੱਤਾ ਹੈ। ਪਾਰਟੀ ਨੇ ਕਿਹਾ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਲੰਮੀ ਲੜਾਈ ਬਾਅਦ ਇਹ ਜਿੱਤ ਹਾਸਲ ਕੀਤੀ ਹੈ।

# ਕੈਨੇਡਾ ਸਰਕਾਰ ਵਲੋਂ ਵਿਦੇਸ਼ੀ ਕਿਸਾਨਾਂ ਤੇ ਖੇਤੀਬਾੜੀ ਕਾਮਿਆਂ ਨੂੰ ਆਕਰਸ਼ਿਤ ਕਰਨਾ ਜਾਰੀ

ਟੋਰਾਂਟੋ - ਕੈਨੇਡਾ ਵਿਚ ਰਵਾਇਤੀ ਕਾਸ਼ਤਕਾਰੀ ਵੱਲ ਸਥਾਨਕ ਲੋਕ ਘੱਟ ਰੁਚਿਤ ਹੋ ਰਹੇ ਹਨ ਜਿਸ ਕਰਕੇ ਖੇਤੀਬਾੜੀ ਅਤੇ ਸਹਾਇਕ ਕਿੱਤਿਆਂ ਵਿਚ ਕਿਸਾਨਾਂ ਅਤੇ ਕਾਮਿਆਂ ਦੀ ਘਾਟ ਵੱਧ ਰਹੀ ਹੈ । ਫਾਰਮਾਂ ਵਿਚ ਡੰਗਰਾਂ ਦੀ ਦੇਖਭਾਲ ਅਤੇ ਫਸਲਾਂ ਦੀ ਬਿਜਾਈ ਤੋਂ ਕਟਾਈ ਤੱਕ ਦੇ ਕੰਮਾਂ ਵਾਸਤੇ ਵਿਦੇਸ਼ੀ ਕਾਮਿਆਂ ਦੀ ਲੋੜ ਲਗਾਤਾਰ ਬਣੀ ਰਹਿੰਦੀ ਹੈ । ਅਜਿਹੇ 'ਚ ਖਾਧ ਪਦਾਰਥਾਂ ਦੀ ਸਪਲਾਈ ਬਰਕਰਾਰ ਰੱਖਣ ਲਈ ਕੈਨੇਡਾ ਸਰਕਾਰ ਨੇ ਇਮੀਗ੍ਰੇਸ਼ਨ ਨੀਤੀਆਂ ਰਾਹੀਂ ਵਿਦੇਸ਼ਾਂ ਤੋਂ ਕਿਸਾਨਾਂ ਅਤੇ ਕਾਮਿਆਂ ਨੂੰ ਆਕ੍ਰਸ਼ਿਤ ਕਰਨਾ ਸ਼ੁਰੂ ਕੀਤਾ ਹੋਇਆ ਹੈ । ਪਰਿਵਾਰ ਸਮੇਤ ਪੱਕੀ ਇਮੀਗ੍ਰੇਸ਼ਨ ਲੈਣ ਦੇ ਮੌਕੇ ਵੀ ਦਿੱਤੇ ਜਾ ਰਹੇ ਹਨ । ਇਮਗ੍ਰੇਸ਼ਨ ਮੰਤਰੀ ਸੀਨ ਫਰੇਜ਼ਰ ਨੇ ਕਿਹਾ ਹੈ ਕਿ ਇਸ ਸਾਲ ਦੇ ਅਖੀਰ ਤੋਂ ਐਗਰੀ ਫੂਡ ਪਾਇਲਟ ਪ੍ਰੋਗਰਾਮ ਵਿਚ ਕਾਮਿਆਂ ਦੇ ਪਰਿਵਾਰਾਂ ਵਾਸਤੇ ਵੀ ਓਪਨ ਵਰਕ ਪਰਮਿਟ ਦਿੱਤੇ ਜਾਣ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ ਅਤੇ ਵਰਕ ਪਰਮਿਟ ਵਾਸਤੇ ਲੋੜੀਂਦੇ ਕੰਮ ਦੇ ਤਜਰਬੇ ਦਾ ਸਰਟੀਫਿਕੇਟ ਕਾਮਿਆਂ ਦੀ ਯੂਨੀਅਨ ਵਲੋਂ ਦਿੱਤਾ ਜਾ ਸਕੇਗਾ । ਕੰਮ ਦਾ ਤਜਰਬਾ ਵਰਕਰ ਨੂੰ ਪੱਕੀ ਇਮੀਗ੍ਰੇਸ਼ਨ ਵਾਸਤੇ ਸਹਾਈ ਹੋਵੇਗਾ । ਇਸੇ ਦੌਰਾਨ ਮੰਤਰੀ ਫਰੇਜਰ ਨੇ ਰਾਜਧਾਨੀ ਓਟਾਵਾ ਵਿਚ ਬੀਤੇ ਕੱਲ੍ਹ ਕੈਨੇਡਾ ਦੇ ਨਵੇਂ ਪਾਸਪੋਰਟ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੁਰੱਖਿਆ ਦੇ ਪੱਖ ਤੋਂ ਦੇਸ਼ ਦੇ ਪਾਸਪੋਰਟ ਦੀ ਕਾਪੀ ਵਿਚ ਸੁਧਾਰ ਕਰਨ ਦੀ ਜ਼ਰੂਰਤ ਸੀ ਜਿਸ ਉਪਰ 2013 ਤੋਂ ਕੰਮ ਕੀਤਾ ਜਾ ਰਿਹਾ ਸੀ । ਨਕਲਾਂ ਤੋਂ ਬਚਾਅ ਵਾਸਤੇ ਨਵੇਂ ਪਾਸਪੋਰਟ ਵਿਚ ਤਕਨੀਕੀ ਤਬਦੀਲਿਆਂ ਕੀਤੀਆਂ ਗਈਆਂ ਹਨ ।

# ਐਲੋਨ ਮਸਕ ਟਵਿੱਟਰ ਦੇ ਸੀ. ਈ. ਓ. ਦੇ ਅਹੁਦੇ ਤੋਂ ਦੇਣਗੇ ਅਸਤੀਫਾ, ਹੁਣ ਮਹਿਲਾ ਹੋਵੇਗੀ ਨਵੀਂ ਸੀਈਓ

ਐਲੋਨ ਮਸਕ ਨੇ ਟਵਿੱਟਰ ਦੇ ਸੀਈਓ ਦੇ ਅਹੁਦੇ ਤੋਂ ਅਸਤੀਫਾ ਦੇਣਗੇ। ਇਹ ਜਾਣਕਾਰੀ ਖੁਦ ਐਲਨ ਮਸਕ ਨੇ ਟਵੀਟ ਕਰਕੇ ਦਿੱਤੀ ਹੈ। ਉਨ੍ਹਾਂ ਨੇ ਟਵਿੱਟਰ ਦੇ ਸੀਈਓ ਦੇ ਅਹੁਦੇ ਤੋਂ ਅਸਤੀਫਾ ਦੇਣ ਦਾ ਐਲਾਨ ਕਰ ਦਿੱਤਾ ਹੈ। ਉਨ੍ਹਾਂ ਟਵਿੱਟਰ ਦੇ ਨਵੇਂ ਸੀਈਓ ਦਾ ਨਾਂ ਲਏ ਬਿਨਾਂ ਐਲਾਨ ਕਰਦਿਆਂ ਦੱਸਿਆ ਕਿ ਉਹ 6 ਹਫ਼ਤਿਆਂ ਵਿੱਚ ਕੰਮ ਸ਼ੁਰੂ ਕਰਨਗੇ। ਮਸਕ ਨੇ ਟਵੀਟ ਕੀਤਾ ਕਿ ਉਹ ਹੁਣ ਟਵਿੱਟਰ ਦੇ ਕਾਰਜਕਾਰੀ ਚੇਅਰਮੈਨ ਅਤੇ ਮੁੱਖ ਟੈਕਨਾਲੋਜੀ ਅਧਿਕਾਰੀ ਵਜੋਂ ਕੰਮ ਕਰਨਗੇ।

**ਇੱਕ ਮਹਿਲਾ ਹੋਵੇਗੀ ਨਵੀਂ ਸੀ. ਈ. ਓ.-** ਅਰਬਪਤੀ ਐਲੋਨ ਮਸਕ ਨੇ ਐਲਾਨ ਕੀਤਾ ਹੈ ਕਿ ਉਹ ਟਵਿੱਟਰ ਦੇ ਸੀਈਓ ਦੇ ਅਹੁਦੇ ਤੋਂ ਅਸਤੀਫਾ ਦੇ ਰਹੇ ਹਨ। ਮਸਕ ਨੇ ਕਿਹਾ ਕਿ ਉਨ੍ਹਾਂ ਨੇ ਟਵਿੱਟਰ ਦਾ ਨਵਾਂ ਸੀ.ਈ.ਓ. ਹਾਲਾਂਕਿ ਉਨ੍ਹਾਂ ਨੇ ਅਜੇ ਤੱਕ ਨਵੇਂ ਸੀਈਓ ਦੇ ਨਾਂ ਦਾ ਐਲਾਨ ਨਹੀਂ ਕੀਤਾ ਹੈ। ਮਾਈਕ੍ਰੋਬਲਾਗਿੰਗ ਪਲੇਟਫਾਰਮ ਦੇ ਮਾਲਕ ਮਸਕ ਨੇ ਸੰਕੇਤ ਦਿੱਤਾ ਹੈ



ਕਿ ਟਵਿੱਟਰ ਦੀ ਨਵੀਂ ਸੀਈਓ ਇੱਕ ਮਹਿਲਾ ਹੋਵੇਗੀ।ਐਲੋਨ ਮਸਕ ਨੇ ਵੀਰਵਾਰ ਨੂੰ ਟਵੀਟ ਕੀਤਾ ਕਿ ਉਹ ਇਹ ਐਲਾਨ ਕਰਦੇ ਹੋਏ ਖੁਸ਼ ਹਨ ਕਿ ਉਨ੍ਹਾਂ ਨੇ ਟਵਿੱਟਰ ਦਾ ਨਵਾਂ ਸੀਈਓ ਚੁਣਿਆ ਹੈ। ਉਹ ਛੇ ਹਫ਼ਤਿਆਂ ਵਿੱਚ ਆਪਣੀ ਜ਼ਿੰਮੇਵਾਰੀ ਸੰਭਾਲ ਲਵੇਗੀ। ਉਨ੍ਹਾਂ ਲਿਖਿਆ, ਮੈਂ ਸੀਈਓ ਦੇ ਅਹੁਦੇ ਤੋਂ ਅਸਤੀਫਾ ਦੇ ਦੇਵਾਂਗਾ। ਹੁਣ ਟਵਿੱਟਰ ਦੇ ਕਾਰਜਕਾਰੀ ਚੇਅਰਮੈਨ ਅਤੇ ਮੁੱਖ ਤਕਨਾਲੋਜੀ ਅਧਿਕਾਰੀ ਵਜੋਂ ਕੰਮ ਕਰਾਂਗਾ।

# ਯੂ.ਕੇ. 'ਚ ਪਹਿਲੀ ਵਾਰ ਤਿੰਨ ਮਾਪਿਆਂ ਦਾ ਇਕ ਬੱਚਾ ਹੋਇਆ ਪੈਦਾ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ)- ਆਮ ਦੁਨੀਆ 'ਚ ਮਾਂ ਅਤੇ ਬਾਪ ਤੋਂ ਬੱਚਾ ਪੈਦਾ ਹੁੰਦਾ ਹੈ, ਭਾਵ ਇਕ ਔਰਤ ਅਤੇ ਪੁਰਸ਼ ਹੀ ਬੱਚੇ ਨੂੰ ਜਨਮ ਦਿੰਦੇ ਹਨ । ਪਰ ਯੂ.ਕੇ. 'ਚ ਪਹਿਲੀ ਵਾਰ ਅਜਿਹੇ ਬੱਚੇ ਨੇ ਜਨਮ ਲਿਆ, ਜਿਸ ਦੇ ਤਿੰਨ ਮਾਪੇ ਹਨ । ਜਾਣਕਾਰੀ ਅਨੁਸਾਰ ਨਵ-ਜਨਮੇਂ ਬੱਚੇ ਦਾ ਡੀ.ਐਨ.ਏ. ਦੋ ਮਾਪਿਆਂ ਤੋਂ ਵੱਧ ਹੈ ਜਦ ਕਿ ਇਕ ਔਰਤ ਤੋਂ 0.1 ਫੀਸਦੀ ਹੈ । ਪਾਇਨੀਅਰਿੰਗ ਤਕਨੀਕ ਜੋ ਵਿਨਾਸ਼ਕਾਰੀ ਮਾਈਟੋਕੌਂਡਰੀਅਲ ਬਿਮਾਰੀ ਨਾਲ ਪੀੜਤ ਬੱਚੇ ਪੈਦਾ ਹੋਣ ਤੋਂ ਰੋਕਣ ਲਈ ਮਦਦ ਕਰਦੀ ਹੈ, ਜਿਸ ਰਾਹੀਂ ਹੁਣ ਤੱਕ 5 ਜਾਂ ਇਸ ਤੋਂ ਘੱਟ ਬੱਚੇ ਪੈਦਾ ਹੋਏ ਹਨ । ਮਾਈਟੋਕੌਂਡਰੀਅਲ ਬਿਮਾਰੀਆਂ ਲਾਇਲਾਜ ਹੁੰਦੀਆਂ ਹਨ, ਜੋ ਜਨਮ ਤੋਂ ਕੁਝ ਘੰਟੇ ਬਾਅਦ ਜਾਂ ਕੁਝ ਦਿਨਾਂ ਬਾਅਦ ਹੀ ਘਾਤਕ ਹੋ ਸਕਦੀਆਂ ਹਨ । ਇਸ ਤਕਨੀਕ ਨੂੰ ਸਿਹਤਮੰਦ ਬੱਚਾ ਪੈਦਾ ਕਰਨ ਦੇ ਵਿਕਲਪ ਵਜੋਂ ਦੇਖਿਆ ਜਾ ਰਿਹਾ ਹੈ । ਯੂ.ਕੇ. 'ਚ ਇਸ ਤਕਨੀਕ ਦੀ ਸ਼ੁਰੂਆਤ ਨਿਊਕਾਸਲ ਵਿਚ ਕੀਤੀ ਗਈ ਸੀ, 2015 ਵਿਚ ਯੂ.ਕੇ. ਵਿਚ ਅਜਿਹੇ ਬੱਚੇ ਪੈਦਾ ਕਰਨ ਦੀ ਇਜਾਜ਼ਤ ਦੇਣ ਲਈ ਕਾਨੂੰਨ ਬਣਾਇਆ ਗਿਆ ਸੀ । ਇਸ ਤਕਨੀਕ ਰਾਹੀਂ ਪਹਿਲਾ ਬੱਚਾ ਅਮਰੀਕਾ ਵਿਚ 2016 ਨੂੰ ਇਕ ਜੌਰਡੀਅਨ ਪਰਿਵਾਰ ਵਿਚ ਪੈਦਾ ਹੋਇਆ ਸੀ ।

# ਕੀਰਤਪੁਰ ਸਾਹਿਬ 'ਚ 7.5 ਕਰੋੜ ਦੀ ਲਾਗਤ ਨਾਲ ਬਣ ਰਿਹਾ ਪੁਲ ਸਤਲੁਜ 'ਚ ਡਿੱਗਿਆ

ਰੋਪੜ: ਰੋਪੜ ਜ਼ਿਲ੍ਹੇ ਦੇ ਕਸਬਾ ਕੀਰਤਪੁਰ ਸਾਹਿਬ ਨੂੰ ਹਾਈਵੇਅ ਨਾਲ ਜੋੜਨ ਵਾਲੇ ਲੋਹੇ ਦੇ ਪੁਲ ਦਾ ਢਾਂਚਾ ਅੱਜ ਸਤਲੁਜ ਦਰਿਆ ਵਿਚ ਡਿਗ ਗਿਆ। 7.5 ਕਰੋੜ ਦੀ ਲਾਗਤ ਨਾਲ ਬਣਨ ਵਾਲੇ ਇਸ ਪੁਲ ਦੀ ਉਸਾਰੀ ਦਾ ਕੰਮ ਤਤਕਾਲੀ ਕਾਂਗਰਸ ਸਰਕਾਰ ਦੇ ਕਾਰਜਕਾਲ ਦੌਰਾਨ ਸਾਲ 2022 ਤੋਂ ਚੱਲ ਰਿਹਾ। ਹਾਦਸੇ ਦੌਰਾਨ ਮਸ਼ੀਨਾਂ ਪੁਲ ਦੇ ਨਿਰਮਾਣ ਕਾਰਜ ਵਿਚ ਲੱਗੀਆਂ ਹੋਈਆਂ ਸਨ।



ਹਾਲਾਂਕਿ ਇਸ ਹਾਦਸੇ ਵਿਚ ਕਿਸੇ ਜਾਨੀ ਨੁਕਸਾਨ ਦੀ ਕੋਈ ਸੂਚਨਾ ਨਹੀਂ ਹੈ ਪਰ ਪੁਲ ਦਾ ਢਾਂਚਾ ਟੁੱਟਣ ਕਾਰਨ ਲੋਕਾਂ ਦੀ ਉਡੀਕ ਹੋਰ ਵੱਧ ਗਈ ਹੈ। ਫਿਲਹਾਲ ਪ੍ਰਸ਼ਾਸਨ ਨੇ ਹਾਦਸੇ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਜਾਂਚ ਸ਼ੁਰੂ ਕਰ ਦਿਤੀ ਹੈ। ਜਾਣਕਾਰੀ ਅਨੁਸਾਰ ਕੀਰਤਪੁਰ ਸਾਹਿਬ ਨੂੰ ਹਾਈਵੇਅ ਨਾਲ ਜੋੜਨ ਲਈ 4 ਫੁੱਟ ਚੌੜਾ ਪੁਲ ਬਣਾਇਆ ਗਿਆ ਹੈ। ਪੁਲ ਤੋਂ ਵਾਹਨਾਂ ਦੀ ਆਵਾਜਾਈ ਨਾ ਹੋਣ ਕਾਰਨ 7.5 ਕਰੋੜ ਦੀ ਲਾਗਤ ਨਾਲ ਲੋਹੇ ਦਾ ਪੁਲ ਬਣ ਰਿਹਾ ਹੈ। ਵੀਰਵਾਰ ਦੁਪਹਿਰ ਨੂੰ ਮਸ਼ੀਨਾਂ ਪੁਲ ਦੇ ਨਿਰਮਾਣ ਦੇ ਕੰਮ ਵਿਚ ਲੱਗੀਆਂ ਹੋਈਆਂ ਸਨ। ਚਸ਼ਮਦੀਦਾਂ ਮੁਤਾਬਕ ਅਚਾਨਕ ਟੁੱਟਣ ਦੀ ਆਵਾਜ਼ ਆਈ। ਜਦੋਂ ਉਹਨਾਂ ਨੇ ਦੇਖਿਆ ਤਾਂ ਉਸਾਰੀ ਅਧੀਨ ਲੋਹੇ ਦੇ ਪੁਲ ਦਾ ਫਰੇਮ ਸਤਲੁਜ ਦਰਿਆ ਵਿਚ ਡਿਗਿਆ ਪਿਆ ਸੀ।

# ਅੰਮ੍ਰਿਤਸਰ 'ਚ ਤੀਜਾ ਧਮਾਕਾ: 5 ਵਿਅਕਤੀ ਗ੍ਰਿਫ਼ਤਾਰ



ਪੰਜਾਬ ਦੇ ਅੰਮ੍ਰਿਤਸਰ ਦੇ ਹਰਿਮੰਦਰ ਸਾਹਿਬ ਦੇ ਲੰਗਰ ਹਾਲ ਨੇੜੇ ਰਾਤ ਕਰੀਬ 12.10 ਵਜੇ ਧਮਾਕਾ ਹੋਇਆ ਹੈ। ਪੁਲਿਸ ਵੱਲੋਂ ਇਸ ਮਾਮਲੇ ਵਿੱਚ ਮੌਕੇ 'ਤੇ ਪਹੁੰਚ ਕੇ ਲੰਗਰ ਹਾਲ ਨੇੜੇ ਸ੍ਰੀ ਗੁਰੂ ਰਾਮਦਾਸ ਸਰਾਏ ਤੋਂ ਇੱਕ ਲੜਕਾ ਅਤੇ ਇੱਕ ਲੜਕੀ ਸਮੇਤ ਪੰਜ ਵਿਅਕਤੀਆਂ ਨੂੰ ਹਿਰਾਸਤ ਵਿੱਚ ਲੈ ਕੇ ਪੁੱਛਗਿੱਛ ਕੀਤੀ ਜਾ ਰਹੀ ਹੈ। ਉਨ੍ਹਾਂ ਕੋਲੋਂ 8 ਬੰਬ ਬਰਾਮਦ ਹੋਏ ਹਨ। ਤਲਾਸ਼ੀ ਦੌਰਾਨ ਸਰਾਏ ਦੇ ਸੀਸੀਟੀਵੀ ਫੁਟੇਜ ਤੋਂ ਦੋ ਸ਼ੱਕੀ ਵਿਅਕਤੀਆਂ ਦੀ ਪਛਾਣ ਕੀਤੀ ਗਈ। ਡੀਜੀਪੀ ਗੌਰਵ ਯਾਦਵ ਨੇ ਟਵੀਟ ਕਰਕੇ ਇਸ ਦੀ ਜਾਣਕਾਰੀ ਦਿੱਤੀ ਹੈ।

ਡੀਜੀਪੀ ਗੌਰਵ ਯਾਦਵ ਨੇ ਬੁੱਧਵਾਰ ਨੂੰ ਕਿਹਾ ਕਿ ਅੰਮ੍ਰਿਤਸਰ ਵਿੱਚ ਘੱਟ ਤੀਬਰਤਾ ਵਾਲੇ ਧਮਾਕੇ ਦਾ ਮਾਮਲਾ ਸੁਲਝਾ ਲਿਆ ਗਿਆ ਹੈ। 5 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਉਨ੍ਹਾਂ ਦਾ ਮਕਸਦ ਸਿਰਫ਼ ਸ਼ਾਂਤੀ ਫੈਲਾਉਣਾ ਸੀ। ਉਨ੍ਹਾਂ ਨੇ ਧਮਾਕਿਆਂ ਲਈ ਪਟਾਕੇ ਵਾਲੇ ਬਾਰੂਦ ਦੀ ਵਰਤੋਂ ਕੀਤੀ। ਉਨ੍ਹਾਂ ਕਿਹਾ ਕਿ ਇਸ ਮਾਮਲੇ ਸਬੰਧੀ ਜਲਦੀ ਹੀ ਅੰਮ੍ਰਿਤਸਰ ਵਿਖੇ ਪ੍ਰੈਸ ਕਾਨਫਰੰਸ ਕੀਤੀ ਜਾਵੇਗੀ। ਪੁਲਿਸ ਕਮਿਸ਼ਨਰ ਨੌਨਿਹਾਲ ਸਿੰਘ ਨੇ ਘਟਨਾ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਅਸੀਂ ਜਾਂਚ ਕਰ ਰਹੇ ਹਾਂ।

## ਅੰਮ੍ਰਿਤਸਰ ਧਮਾਕਾ ਮਾਮਲਾ : ਫੜੇ ਗਏ ਮੁਲਜ਼ਮਾਂ 'ਤੋਂ ਕੀਤੀ ਗਈ ਪੁੱਛਗਿੱਛ



ਪੰਜਾਬ ਦੇ ਅੰਮ੍ਰਿਤਸਰ 'ਚ ਬੁੱਧਵਾਰ ਦੇਰ ਰਾਤ ਸ੍ਰੀ ਗੁਰੂ ਰਾਮਦਾਸ ਸਰਾਏ ਦੇ ਪਿੱਛੇ ਹੋਏ ਬੰਬ ਧਮਾਕੇ ਦੇ ਦੋਸ਼ੀਆਂ ਦੀ ਗ੍ਰਿਫਤਾਰੀ ਤੋਂ ਬਾਅਦ ਵੱਡਾ ਖੁਲਾਸਾ ਹੋਇਆ ਹੈ। ਮੁਲਜ਼ਮਾਂ ਕੋਲੋਂ ਵੱਡੀ ਮਾਤਰਾ ਵਿੱਚ ਵਿਸਫੋਟਕ ਵੀ ਬਰਾਮਦ ਹੋਇਆ ਹੈ। ਫੜੇ ਗਏ ਮੁਲਜ਼ਮਾਂ ਦੀ ਪਛਾਣ ਆਜ਼ਾਦ ਵੀਰ ਸਿੰਘ ਪੁੱਤਰ ਜਸਵੀਰ ਸਿੰਘ ਵਾਸੀ ਪਿੰਡ ਵਡਾਲਾ ਕਾਲਾ ਬਾਬਾ ਬਕਾਲਾ, ਅਮਰੀਕ ਸਿੰਘ ਪੁੱਤਰ ਲਖਬੀਰ ਸਿੰਘ ਵਾਸੀ ਗੁਰਦਾਸਪੁਰ, ਸਾਹਿਬ ਸਿੰਘ ਵਾਸੀ ਗੇਟ ਹਕੀਮਾ ਉਨਗੜ੍ਹ, ਧਰਮਿੰਦਰ ਅਤੇ ਹਰਜੀਤ ਵਾਸੀ 88 ਫੁੱਟ ਰੋਡ ਪਿੰਡ ਵਡਾਲਾ ਵਜੋਂ ਹੋਈ ਹੈ।

ਡੀਜੀਪੀ ਨੇ ਦੱਸਿਆ ਕਿ ਅਮਰੀਕ ਸਿੰਘ ਅਤੇ ਆਜ਼ਾਦਵੀਰ ਸਿੰਘ ਬੰਬ ਧਮਾਕੇ ਮਾਮਲੇ ਦੇ ਮੁੱਖ ਮੁਲਜ਼ਮ ਹਨ। ਇਸ ਦੇ ਨਾਲ ਹੀ ਅਮਰੀਕ ਸਿੰਘ ਦੀ ਪਤਨੀ ਨੂੰ ਵੀ ਹਿਰਾਸਤ ਵਿਚ ਲੈ ਕੇ ਉਸ ਦੀ ਭੂਮਿਕਾ ਦੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਆਜ਼ਾਦਵੀਰ ਸਿੰਘ ਕੋਲੋਂ ਇਕ ਕਿਲੋ 100 ਗ੍ਰਾਮ ਵਿਸਫੋਟਕ ਬਰਾਮਦ ਕੀਤਾ ਗਿਆ ਹੈ। ਡੀਜੀਪੀ ਨੇ ਕਿਹਾ ਕਿ SGPC ਦੀ ਕੈਮਰਿਆਂ ਦੀ ਮਦਦ ਨਾਲ ਉਕਤ ਮੁਲਜ਼ਮਾਂ ਦੀ ਮੌਜੂਦਗੀ ਦਾ ਪਤਾ ਲੱਗਾ।

# ਸਚਖੰਡ ਸ੍ਰੀ ਦਰਬਾਰ ਸਾਹਿਬ ਦੇ ਨੇੜੇ ਹੋ ਰਹੇ ਬੰਬ ਧਮਾਕੇ ਚਿੰਤਾਜਨਕ- ਦਾਦੂਵਾਲ

ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਤੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਮੀਡੀਆ ਨੂੰ ਇੱਕ ਲਿਖਤੀ ਪ੍ਰੈਸਨੋਟ ਜਾਰੀ ਕਰਦਿਆਂ ਕਿਹਾ ਕੇ ਸਚਖੰਡ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਨੇੜੇ ਲਗਾਤਾਰ ਹੋ ਰਹੇ ਬੰਬ ਧਮਾਕੇ ਚਿੰਤਾਜਨਕ ਹਨ। ਇਸ ਦੇ ਨਾਲ ਸੰਸਾਰ ਭਰ ਵਿਚ ਵਸਦੀ ਸ਼ਰਧਾਲੂ ਸਿੱਖ ਸੰਗਤਾਂ ਦੇ ਮਨਾਂ ਵਿੱਚ ਰੋਸ ਪਾਇਆ ਜਾ ਰਿਹਾ ਹੈ।

ਬੰਬ ਧਮਾਕੇ ਕਿਸੇ ਵੱਡੀ ਸਾਜ਼ਿਸ਼ ਦਾ ਨਤੀਜਾ ਲੱਗਦੇ ਹਨ, ਸਿੱਖ ਵਿਰੋਧੀ ਸਾਜ਼ਿਸ਼ਾਂ ਰਚਣ ਵਾਲੇ ਚਹੁੰਦੇ ਹਨ ਕੇ ਸ੍ਰੀ ਦਰਬਾਰ ਸਾਹਿਬ ਵਿਖੇ ਸੰਗਤਾਂ ਦੀ ਆਮਦ ਨੂੰ ਘਟਾਇਆ ਜਾਵੇ ਪਰ ਇਸ ਸਾਜਿਸ਼ ਵਿੱਚ ਉਹ ਕਦੇ ਵੀ ਕਾਮਯਾਬ ਨਹੀਂ ਹੋਣਗੇ ਕਿਉਂਕਿ ਸੰਗਤਾਂ ਦੇ ਮਨਾਂ ਵਿਚ ਸਚਖੰਡ ਸ੍ਰੀ ਦਰਬਾਰ ਸਾਹਿਬ ਪ੍ਰਤੀ ਅਥਾਹ ਸ਼ਰਧਾ ਹੈ। ਇਸ ਲਈ



ਪੂਰੀ ਦੁਨੀਆ ਭਰ ਤੋਂ ਸ਼ਰਧਾਲੂ ਸੰਗਤਾਂ ਦਰਸ਼ਨ ਕਰਨ ਆਉਂਦੀਆਂ ਹਨ ਦੁਨੀਆਂ ਭਰ ਵਿੱਚ ਵਸਦਾ ਹਰ ਸਿੱਖ ਅਰਦਾਸ ਵਿਚ ਸਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਦੇ ਦਰਸ਼ਨ-ਇਸ਼ਨਾਨ ਮੰਗਦਾ ਹੈ।

ਸਚਖੰਡ ਸ੍ਰੀ ਦਰਬਾਰ ਸਾਹਿਬ ਤੇ ਮੁਗਲਾਂ ਅੰਗਰੇਜ਼ਾਂ ਦਿੱਲੀ ਵੱਲੋਂ ਅਨੇਕਾਂ ਵਾਰ ਹਮਲੇ ਕੀਤੇ ਗਏ ਹਮਲਾਵਰਾਂ ਨੂੰ ਹਮੇਸ਼ਾ ਮੂੰਹ ਦੀ ਖਾਣੀ ਪਈ ਤੇ ਸ਼ਰਧਾਲੂ ਸਿੱਖ ਸੰਗਤਾਂ ਦੀ ਆਸਥਾ ਵਿੱਚ ਕੋਈ ਫਰਕ ਨਹੀਂ ਪਿਆ ਸਗੋਂ ਵੱਖ-ਵੱਖ ਦੇਸ਼ਾਂ ਦੇ ਰਾਜੇ-ਮਹਾਰਾਜੇ ਰਾਸ਼ਟਰਪਤੀ ਪ੍ਰਧਾਨ ਮੰਤਰੀ ਮੱਥਾ ਟੇਕਣ ਵਾਸਤੇ ਪੁੱਜਦੇ ਹਨ। ਇਸ ਕਰਕੇ ਪੰਜਾਬ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਬੰਬ ਧਮਾਕਿਆਂ ਦੀ ਇਸ ਸਾਜ਼ਿਸ਼ ਨੂੰ ਬੇਨਕਾਬ ਕਰੇ ਅਤੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਸਖਤ ਤੋਂ ਸਖਤ ਸਜਾ ਦਿੱਤੀ ਜਾਵੇ ਤਾਂ ਕਿ ਅਜਿਹੇ ਲੋਕਾਂ ਵਲੋਂ ਬਣਾਇਆ ਜਾ ਰਿਹਾ ਦਹਿਸ਼ਤ ਦਾ ਮਾਹੌਲ ਖ਼ਤਮ ਕੀਤਾ ਜਾ ਸਕੇ।

# ਕੈਲਾਸ਼-ਮਾਨਸਰੋਵਰ ਯਾਤਰਾ 'ਤੇ ਚੀਨ ਨੇ ਵਧਾਈ ਫੀਸ

ਚੀਨ ਨੇ ਤਿੰਨ ਸਾਲਾਂ ਤੋਂ ਬੰਦ ਪਈ ਕੈਲਾਸ਼-ਮਾਨਸਰੋਵਰ ਯਾਤਰਾ ਲਈ ਵੀਜ਼ਾ ਦੇਣਾ ਸ਼ੁਰੂ ਕਰ ਦਿੱਤਾ ਹੈ। ਪਰ, ਇਸ ਦੇ ਨਿਯਮ ਬਹੁਤ ਸਖ਼ਤ ਬਣਾਏ ਗਏ ਹਨ। ਇਸ ਦੇ ਨਾਲ ਹੀ ਯਾਤਰਾ ਲਈ ਕਈ ਤਰ੍ਹਾਂ ਦੀਆਂ ਫੀਸਾਂ ਲਗਭਗ ਦੁੱਗਣੀਆਂ ਹੋ ਗਈਆਂ ਹਨ। ਹੁਣ ਭਾਰਤੀ ਨਾਗਰਿਕਾਂ ਨੂੰ ਯਾਤਰਾ ਲਈ ਘੱਟੋ-ਘੱਟ 1.85 ਲੱਖ ਰੁਪਏ ਖਰਚ ਕਰਨੇ ਪੈਣਗੇ।

ਜੇ ਸ਼ਰਧਾਲੂ ਆਪਣੀ ਮਦਦ ਲਈ ਨੇਪਾਲ ਤੋਂ ਕਿਸੇ ਕਰਮਚਾਰੀ ਜਾਂ ਸਹਾਇਕ ਨੂੰ ਆਪਣੇ ਨਾਲ ਰੱਖੇਗਾ ਤਾਂ 300 ਡਾਲਰ ਭਾਵ 24 ਹਜ਼ਾਰ ਰੁਪਏ ਵਾਧੂ ਦੇਣੇ ਪੈਣਗੇ। ਇਸ ਫੀਸ ਨੂੰ 'ਗ੍ਰਾਸ ਡੈਮੇਜਿੰਗ ਫੀਸ' ਕਿਹਾ ਜਾਂਦਾ ਹੈ। ਚੀਨ ਦੀ ਦਲੀਲ ਹੈ ਕਿ ਯਾਤਰਾ ਦੌਰਾਨ ਕੈਲਾਸ਼ ਪਰਬਤ ਦੇ ਆਲੇ-ਦੁਆਲੇ ਘਾਹ ਖਰਾਬ ਹੋ ਜਾਂਦਾ ਹੈ, ਜਿਸ ਦੀ ਭਰਪਾਈ ਯਾਤਰੀ ਨੂੰ ਕੀਤੀ ਜਾਵੇਗੀ। ਚੀਨ ਨੇ ਕੁਝ ਨਿਯਮ ਜੋੜੇ ਹਨ, ਜਿਨ੍ਹਾਂ ਨੇ ਪ੍ਰਕਿਰਿਆ ਨੂੰ ਮੁਸ਼ਕਲ ਬਣਾ ਦਿੱਤਾ ਹੈ। ਮਿਸਾਲ ਵਜੋਂ ਹੁਣ ਹਰ ਯਾਤਰੀ ਨੂੰ ਕਾਠਮੰਡੂ ਬੇਸ 'ਤੇ ਹੀ ਆਪਣੀ ਵਿਲੱਖਣ ਪਛਾਣ ਕਰਵਾਉਣੀ ਪਵੇਗੀ। ਇਸ ਦੇ ਲਈ ਉਂਗਲਾਂ ਦੇ ਨਿਸ਼ਾਨ ਅਤੇ ਅੱਖਾਂ ਦੀਆਂ ਪੁਤਲੀਆਂ ਦੀ ਸਕੈਨਿੰਗ ਹੋਵੇਗੀ। ਨੇਪਾਲੀ ਟੂਰ ਆਪਰੇਟਰਾਂ ਦਾ ਕਹਿਣਾ ਹੈ ਕਿ ਵਿਦੇਸ਼ੀ ਸ਼ਰਧਾਲੂਆਂ, ਖਾਸ ਕਰਕੇ ਭਾਰਤੀਆਂ ਦੇ ਐਂਟਰੀ ਨੂੰ ਸੀਮਤ ਕਰਨ ਲਈ ਸਖ਼ਤ ਨਿਯਮ ਬਣਾਏ ਗਏ ਹਨ।

# ਪਾਕਿਸਤਾਨ ਨੇ ਲਿਆ ਵੱਡਾ ਫ਼ੈਸਲਾ, 500 ਭਾਰਤੀ ਕੈਦੀਆਂ ਨੂੰ ਕਰੇਗਾ ਰਿਹਾਅ

ਕਰਾਚੀ: ਪਾਕਿਸਤਾਨੀ ਅਧਿਕਾਰੀਆਂ ਨੇ 500 ਭਾਰਤੀ ਕੈਦੀਆਂ ਨੂੰ ਰਿਹਾਅ ਕਰਨ ਦਾ ਫ਼ੈਸਲਾ ਕੀਤਾ ਹੈ ਜਿਨ੍ਹਾਂ ਵਿਚੋਂ 499 ਮਛੇਰੇ ਹਨ ਜਿਨ੍ਹਾਂ ਨੇ ਆਪਣੀ ਸਜ਼ਾ ਪੂਰੀ ਕਰ ਲਈ ਹੈ। ਭਾਰਤੀ ਕੈਦੀਆਂ ਨੂੰ ਪੜਾਵਾਂ ਵਿਚ ਜੇਲਾਂ ਤੋਂ ਰਿਹਾਅ ਕੀਤਾ ਜਾਵੇਗਾ। 200 ਕੈਦੀਆਂ ਦਾ ਪਹਿਲਾ ਜੱਥਾ ਮਲਿਰ ਜ਼ਿਲ੍ਹਾ ਜੇਲ ਤੋਂ ਵੀਰਵਾਰ ਨੂੰ ਰਿਹਾਅ ਕੀਤਾ ਗਿਆ ਅਤੇ ਲਾਹੌਰ ਭੇਜਿਆ ਗਿਆ।

ਇਕ ਰਿਪੋਰਟ ਮੁਤਾਬਿਕ ਈਧੀ ਫਾਊਂਡੇਸ਼ਨ ਆਜ਼ਾਦ ਭਾਰਤੀ ਨਾਗਰਿਕਾਂ ਨੂੰ ਰੇਲਗੱਡੀ ਰਾਹੀਂ ਲਾਹੌਰ ਲਿਜਾਣ ਦੀ ਸਹੂਲਤ ਦੇਵੇਗੀ ਅਤੇ ਉਨ੍ਹਾਂ ਨੂੰ ਸ਼ੁੱਕਰਵਾਰ ਨੂੰ ਵਾਹਗਾ ਸਰਹੱਦ 'ਤੇ ਭਾਰਤੀ



ਅਧਿਕਾਰੀਆਂ ਨੂੰ ਸੌਂਪ ਦਿਤਾ ਜਾਵੇਗਾ। 200 ਭਾਰਤੀ ਮਛੇਰਿਆਂ ਦਾ ਇਕ ਹੋਰ ਜੱਥਾ 2 ਜੂਨ ਨੂੰ ਕਰਾਚੀ ਦੀ ਜੇਲ ਤੋਂ ਰਿਹਾਅ ਹੋਵੇਗਾ।

ਉਨ੍ਹਾਂ ਨੂੰ ਭਾਰਤ ਭੇਜਣ ਦਾ ਵੀ ਪ੍ਰਬੰਧ ਕੀਤਾ ਜਾਵੇਗਾ। ਏਆਰਵਾਈ ਨਿਊਜ਼ ਨੇ ਦਸਿਆ ਕਿ 100 ਭਾਰਤੀ ਕੈਦੀਆਂ ਦੇ ਤੀਜੇ ਬੈਚ ਨੂੰ 3 ਜੁਲਾਈ ਨੂੰ ਰਿਹਾਅ ਕੀਤਾ ਜਾਵੇਗਾ ਅਤੇ ਉਨ੍ਹਾਂ ਨੂੰ ਦੇਸ਼ ਵਾਪਸ ਭੇਜਿਆ ਜਾਵੇਗਾ। ਰਿਪੋਰਟ 'ਚ ਕਿਹਾ ਗਿਆ ਹੈ ਕਿ ਪਾਕਿਸਤਾਨ ਅਤੇ ਭਾਰਤ ਸਮੁੰਦਰੀ ਸੀਮਾ ਦੀ ਉਲੰਘਣਾ ਕਰਨ 'ਤੇ ਇਕ-ਦੂਜੇ ਦੇ ਮਛੇਰਿਆਂ ਨੂੰ ਨਿਯਮਿਤ ਤੌਰ 'ਤੇ ਗ੍ਰਿਫ਼ਤਾਰ ਕਰਕੇ ਜੇਲ ਭੇਜਦੇ ਹਨ।